# ਅੰਮ੍ਰਿਤ ਕੀਰਤਨ

ਅੰਕ 4 ਸਾਲ ਛੇਵਾਂ ਅਪ੍ਰੈਲ, 1994



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 4 ਸਾਲ ਛੇਵਾਂ ਅਪ੍ਰੈਲ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਪੜਤਾਲ ਗਾਇਕੀ : ਤਕਨੀਕ ਤੇ ਸਰੂਪ 1
—ਡਾ. ਗੁਰਨਾਮ ਸਿੰਘ

2] ਗੁਰਬਖਸ਼ ਸਿੰਘ ਦੀ ਸੰਗੀਤਕ ਸੂਝ 9
—ਡਾ. ਡੀ.ਐਸ. ਨਰੂਲਾ

3] ਭਾਈ ਭਗਤ ਸਿੰਘ ਜੀ ਰਾਗੀ 16
—ਕੁਲਦੀਪ ਸਿੰਘ ਹਉਰਾ

4] ਚਤੁਰੰਗ/ਚੌਖੰਡੀ 20
—ਤੀਰਥ ਸਿੰਘ

5] ਕੁਦਰਤੀ-ਸੁਹੱਪਣ, ਸਾਹਿਤ ਅਤੇ ਗੁਰਬਾਣੀ 21
ਕੁਲਦੀਪ ਸਿੰਘ ਜ਼ਖਮੀ

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਪੜਤਾਲ ਗਾਇਕੀ: ਤਕਨੀਕ ਤੇ ਸਰੂਪ

—ਡਾ: ਗੁਰਨਾਮ ਸਿੰਘ

ਗੁਰਮਿਤ ਸੰਗੀਤ ਆਪਣੇ ਮੌਲਿਕ ਤੱਤਾਂ ਤੇ ਉਪਕਰਣਾਂ ਸਹਿਤ ਇਕ ਨਿਵੇਕਲੀ ਅਤੇ ਵਿਸ਼ਿਸ਼ਟ ਪਰੰਪਰਾ ਵਜੋਂ ਉਜਾਗਰ ਹੁੰਦੀ ਹੈ। ਨਿਸਚੇ ਹੀ ਇਸ ਸੰਗੀਤ ਪਰੰਪਰਾ ਵਿਚ ਪ੍ਰਯੋਗ ਹੋਣ ਵਾਲੇ ਵਿਭਿੰਨ ਤੱਤ ਅਤੇ ਉਪਕਰਣ ਭਾਰਤੀ ਸੰਗੀਤ ਵਿਚੋਂ ਲਏ ਗਏ ਹਨ ਪਰੰਤੂ ਇਹਨਾਂ ਤੱਤਾਂ ਤੇ ਉਪਕਰਣਾਂ ਦੇ ਪ੍ਰਯੋਗ ਦਾ ਦ੍ਰਿਸ਼ਟੀਕੋਣ ਅਤੇ ਸੰਦਰਭ ਇਸ ਪਰੰਪਰਾ ਦੀ ਮੌਲਿਕਤਾ ਦਾ ਅਧਾਰ ਹੈ। ਇਸ ਲਈ ਇਸ ਪਰੰਪਰਾ ਨੂੰ ਭਾਰਤੀ ਸੰਗੀਤ ਦੀ ਕਿਸੇ ਕੀਰਤਨ ਸ਼ੈਲੀ ਨਾਲ ਰੱਲਗੱਡ ਕਰਨਾ ਇਸ ਪਰੰਪਰਾ ਦੀ ਬੁਨਿਆਦੀ ਮਹਾਨਤਾ ਨੂੰ ਨਕਾਰਣ ਤੁੱਲ ਹੈ। ਅਜਿਹੀ ਭੁੱਲ ਕਰਨ ਵਾਲੇ ਵਿਦਵਾਨ/ ਸੰਗੀਤਕਾਰ ਜਾਂ ਤਾਂ ਗੁਰ-ਮਤਿ ਸੰਗੀਤ ਦੀ ਮੌਲਿਕਤਾ ਤੋਂ ਅਣਭਿੱਜ ਹਨ ਅਤੇ ਜਾਂ ਫਿਰ ਉਹ ਭਾਰਤੀ ਸੰਗੀਤ ਦੀ ਵਿਸ਼ਾਲ 'ਹਓ' ਨਾਲ ਹਾਂ ਵਾਚੀ ਸੁਰ ਮਿਲਾ ਕੇ ਆਪਣੇ ਇਸ ਮਹਾਨ ਪਰੰਪਰਾ ਦੇ ਅਮੀਰ ਵਿਰਸੇ ਪ੍ਰਤਿ ਅੱਖਾਂ ਫੇਰਨਾ ਚਾਹੁੰਦੇ ਹਨ। ਇਥੇ ਉਕਤ ਨੁਕਤੇ ਦੇ ਵਰਨਣ ਕਰਨ ਦਾ ਮਨੋਰਥ ਇਹ ਹੈ ਕਿ ਭਾਰਤੀ ਸੰਗੀਤ ਵਾਂਗੂੰ ਗੁਰਮਿਤ ਸੰਗੀਤ ਨੇ ਉਨ੍ਹਾਂ ਤੱਤਾਂ ਤੇ ਉਪ-ਕਰਣਾਂ ਨੂੰ ਮੌਲਿਕ ਦ੍ਰਿਸਟੀਕੋਣ ਤੋਂ ਪ੍ਰਯੋਗ ਕਰਦਿਆਂ ਇਕ ਨਵੀਨ ਪਰੰਪਰਾ ਦੀ ਸਿਰਜਣਾ ਕੀਤੀ ਹੈ ਜਿਸਦਾ ਸਿਧਾਂਤਕ ਅਧਾਰ ਸ੍ਰੀ ਗੁਰੂ ਗਰੰਥ ਸਾਹਿਬ ਹਨ ਅਤੇ ਵਿਵਹਾਰਿਕ ਰੂਪ ਵਿਚ ਸਿੱਖ ਧਰਮ ਦੀ 500 ਸਾਲਾਂ ਤੋਂ ਵਧੇਰੇ ਪੁਰਾਤਨ ਸ਼ਬਦ ਕੀਰਤਨ ਪਰੰਪਰਾ ਹੈ। ਇਸ ਸ਼ਬਦ ਕੀਰਤਨ ਪਰੰਪਰਾ ਵਿਚ ਭਿੰਨ-ਭਿੰਨ ਰਾਗਾਂ ਅਤੇ ਗਾਇਨ ਰੂਪਾਂ ਦਾ ਭਰਪੂਰ ਪ੍ਰਯੋਗ ਕੀਤਾ ਗਿਆ ਹੈ, ਜਿਨ੍ਹਾਂ ਦੀ ਸਧਾਰਣ ਪਹਿਚਾਣ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ/ ਦਰਸ਼ਨ ਦੀਦਾਰ ਤੋਂ ਹੀ ਹੋ ਜਾਂਦੀ ਹੈ। ਇਨ੍ਹਾਂ ਗਾਇਨ ਰੂਪਾਂ ਵਿਚੋ ਇਕ ਵਿਸ਼ਿਸ਼ਟ ਗਾਇਨ ਰੂਪ ਪੜਤਾਲ ਹੈ ਜਿਸ ਦੁਆਰਾ ਗੁਰਮਿਤ ਸੰਗੀਤ ਦੀ ਮੌਲਿਕਤਾ, ਵਿਲੱਖਣਤਾ ਅਤੇ ਸਮ੍ਰਿਧਤਾ ਸਪਸ਼ਟ ਹੋ ਜਾਂਦੀ ਹੈ। ਪੜਤਾਲ ਦਾ ਗਾਇਨ ਰੂਪ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਿਲੱਖਣ ਸਥਾਨ ਰੱਖਦਾ ਹੈ, ਜਿਸ ਦੇ ਗਾਇਨ ਦੀ ਨਿਵੇਕਲੀ ਪਰੰਪਰਾ ਕੇਵਲ ਗੁਰਮਿਤ ਸੰਗੀਤ ਵਿਚ ਹੀ ਪ੍ਰਚਲਿਤ ਹੈ ਇਸ ਲਈ ਇਸ ਗਾਇਕੀ ਸਬੰਧੀ ਵਿਚਾਰ, ਚਰਚਾ, ਸੁਰੱਖਿਆ ਤੇ ਸੰਭਾਲ ਲਾਜ਼ਮੀ ਹੈ।

ਪੜਤਾਲ ਦੇ ਸ਼ਾਬਦਿਕ ਰੂਪ ਦੀ ਵਿਆਖਿਆ ਸੰਗੀਤ ਵਿਦਵਾਨਾਂ ਅਤੇ ਗੁਰਮਿਤ ਦੇ ਵਿਆਖਿਆਕਾਰਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਇਸ ਸਬੰਧੀ ਪ੍ਰਚਲਿਤ ਧਾਰਨਾਵਾਂ ਤੋਂ ਪੜਤਾਲ ਦੇ ਹੇਠ ਲਿਖੇ ਮੁੱਖ ਲੱਛਣ ਸਰਬ ਤੌਰ 'ਤੇ ਪ੍ਰਵਾਣਿਤ ਹਨ।

(ੳ) ਪੜਤਾਲ ਤੋਂ ਭਾਵ ਸ਼ਬਦ ਗਾਇਨ ਦੀ ਉਹ ਰਚਨਾ ਹੈ ਜਿਸ ਵਿਚ ਤਾਲਾਂ

ਨੂੰ ਬਦਲ-ਬਦਲ ਕੇ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ, ਪਰਤ ਤਾਲ, ਪਟਤਾਲ, ਪੰਚ-ਤਾਲ ਆਦਿ ਨਾਵਾਂ ਦਾ ਸੰਬੰਧ ਪੜਤਾਲ ਨਾਲ ਦਰਸਾਇਆ ਜਾਂਦਾ ਹੈ।

(ਅ) ਪੜਤਾਲ ਅਧੀਨ ਕਿਸੇ ਸ਼ਬਦ ਦੇ ਅੰਤਰੇ ਦੇ ਗਾਇਨ ਲਈ ਵੱਖ-ਵੱਖ ਪੰਜ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਰ ਸਥਾਈ ਲਈ ਇਕੋ ਤਾਲ ਹੀ ਰਹਿੰਦਾ ਹੈ ਹਰ ਅੰਤਰੇ ਪਿਛੋਂ ਤਾਲ ਨਾਲ ਸੰਬੰਧਿਤ ਤਿਹਾਈ ਮਾਰਨ ਲਈ ਵਿਸ਼ੇਸ਼ ਤੋਲ ਤੁਕਾਂਤ ਮੌਜੂਦ ਹੁੰਦਾ ਹੈ।

(ੲ) ਪੜਤਾਲ ਦੀ ਸਮੁੱਚੀ ਕਵਿਤਾ ਕਾਫੀ ਗੁੰਦਵੀ ਅਤੇ ਕਾਵਿ ਰੂਪ ਨਿਰਾਲਾ ਹੈ।

(ਸ) ਭਾਰਤੀ ਸੰਗੀਤ ਅਤੇ ਗੁਰਮਿਤ ਸੰਗੀਤ ਦੇ ਸਮਕਾਲੀ ਸੰਗੀਤ ਵਿਚ ਪੜ-ਤਾਲ ਗਾਇਕੀ ਦਾ ਉਲੇਖ ਹੋਰ ਕਿਧਰੇ ਨਹੀਂ ਮਿਲਦਾ।

ਪੜਤਾਲ ਸੰਬੰਧੀ ਉਪਰੋਕਤ ਮੱਤਾਂ ਤੋਂ ਸਪਸ਼ਟ ਹੈ ਕਿ ਪੜਤਾਲ ਦਾ ਸਬੰਧ ਸੰਬੰ-ਧਿਤ ਸ਼ਬਦ ਦੀ ਗਾਇਨ ਪਰੰਪਰਾ ਨਾਲ ਹੈ ਅਤੇ ਇਹ ਗੁਰਮਤਿ ਸੰਗੀਤ ਦੀ ਇਕ ਵਿਸ਼ਿ-ਸ਼ਟ ਗਾਇਨ ਸ਼ੈਲੀ ਹੈ ਜੋ ਭਾਰਤੀ ਸੰਗੀਤ ਵਿਚ ਪ੍ਰਚਲਿਤ ਨਹੀਂ ਹੈ। ਵਿਦਵਾਨਾਂ ਦੁਆਰਾ ਦਿਤੀ ਗਈ ਉਪਰੋਕਤ ਜਾਣਕਾਰੀ ਅਨੁਸਾਰ ਗੁਰਬਾਣੀ ਸੰਗੀਤ ਦੀਆਂ ਹੋਰ ਕਈ ਵਿਸ਼-ਸ਼ਟ ਗਾਇਨ ਸ਼ੈਲੀਆਂ ਵਾਂਗ ਇਸਦਾ ਵਿਲੱਖਣ ਸਰੂਪ ਵੀ ਕਾਲ ਚੱਕਰ ਦੀਆਂ ਪਰਤਾਂ ਵਿਚ ਲਪੁਤ ਹੋ ਗਿਆ ਹੈ ਕਿਉਂਕਿ ਇਹ ਸੀਨਾ-ਬ-ਸੀਨਾ ਨਾਲ ਸੰਬੰਧਿਤ ਸਨ। ਫਿਰ ਵੀ ਗੁਰਬਾਣੀ ਦੇ ਅੰਤਰੀਵੀ ਹਵਾਲਿਆ ਅਤੇ ਵਰਤਮਾਨ ਵਿਵਹਾਰਕ ਗੁਰਮਿਤ ਪਰੰਪਰਾ ਤੋਂ ਇਸ ਦੇ ਕੁਝ ਪ੍ਰਮਾਣਿਕ ਲੱਛਣ ਅਵੱਸ਼ ਪ੍ਰਾਪਤ ਹੋ ਜਾਂਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਪੜਤਾਲ ਨੂੰ 'ਪਟਤਾਲ' ਵਿਚ ਗਾਏ ਜਾਣ ਵਾਲੀ ਰਚਨਾ ਮੰਨਿਆ ਹੈ। ਜੇ ਇਹ ਰਚਨਾ ਪਟਤਾਲ ਵਿਚ ਹੀ ਗਾਈ ਜਾਂਦੀ ਹੈ ਤਾਂ ਤਾਲਾਂ ਦੇ ਪਰਤਾਵ (ਬਦਲਾਵ) ਅਤੇ ਵਿਭਿੰਨ ਤਾਲਾਂ ਵਾਲੀ ਪਰਿਭਾਸ਼ਾ ਮੂਲੋਂ ਹੀ ਗਲਤ ਹੋ ਜਾਂਦੀ ਹੈ। ਇਹ ਧਾਰਨਾ ਸਹੀ ਨਹੀਂ ਪ੍ਰਤੀਤ ਹੁੰਦੀ ਕਿਉਂਕਿ ਪੜਤਾਲ ਦੀਆਂ ਨਵੀਨ ਅਤੇ ਪੁਰਾਤਨ ਰੀਤਾਂ ਉਪਲਬਧ ਹਨ ਜੋ ਵਿਭਿੰਨ ਤਾਲਾਂ ਵਿਚ ਨਿਬੱਧ ਹਨ। ਬਾਣੀ ਵਿਚ ਪੜਤਾਲ ਦੇ ਸਿਰਲਖ ਤਿੰਨ ਪ੍ਰਕਾਰ ਨਾਲ ਅੰਕਿਤ ਕੀਤੇ ਗਏ ਹਨ :

1. ਆਸਾ ਮਹਲਾ ੫ ਘਰੁ ੧੫ ਪੜਤਾਲ

(ਗੁ: ਗ੍ਰੰ. ਪੰਨਾ ੪੦੮)

2. ਨਟ ਪੜਤਾਲ ਮਹਲਾ ੫

(ਗੁ: ਗ੍ਰੰ. ਪੰਨਾ ੯੮੦)

3. ਸਾਰੰਗ ਮਹਲਾ ੪ ਘਰੁ ੫ ਦੁਪਦੇ ਪੜਤਾਲ (ਗੁ: ਗ੍ਰੰ ਪੰਨਾ ੧੨੦੦)

ਉਪਰੋਕਤ ਸਿਰਲੇਖਾਂ ਤੋਂ ਸਪਸ਼ਟ ਹੈ ਰਾਗ, ਮਹਲਾ, ਘਰੁ, ਕਾਵਿ ਅਤੇ ਪੜਤਾਲ ਵਖੋ ਵਖਰੇ ਸੰਕੇਤ ਹਨ। ਪੜਤਾਲ ਨੂੰ ਜੇਕਰ ਚਾਰ ਤਾਲ ਦਾ ਭੇਦ ਪਟਤਾਲ ਮੰਨ ਲਈਏ

ਤਾਂ ਘਰੁ ਸੰਬੰਧੀ ਪ੍ਰਚਲਿਤ ਵਿਚਾਰ ਜਿਸ ਅਨੁਸਾਰ ਇਹ ਤਾਲ ਦਾ ਸੰਕੇਤ ਹੈ, ਮੂਲੋਂ ਹੀ ਗਲਤ ਸਿਧ ਹੋ ਜਾਂਦਾ ਹੈ। ਪੜਤਾਲ ਸਬੰਧੀ ਗੁਰਮਤਿ ਸੰਗੀਤ ਅਚਾਰੀਆਂ ਦੀ ਧਾਰਨਾ ਜੋ ਪੜਤਾਲ ਦੇ ਵਿਵਹਾਰਕ ਸਰੂਪ ਉਪਰ ਅਧਾਰਿਤ ਹੈ ਯਥਾਰਥ ਦੇ ਵਧੇਰੇ ਜਾਪਦੀ ਹੈ। ਗੁਰਮਿਤ ਸੰਗੀਤ ਦੀ ਵਿਹਾਰਕ ਪਰੰਪਰਾ ਅਤੇ ਉਪਰੋਕਤ ਧਾਰਨਾਵਾਂ ਦੇ ਅਧਾਰ 'ਤੇ ਅਸੀਂ ਪੜਤਾਲ ਦਾ ਵਿਸਲੇਸ਼ਣ ਇਸ ਪ੍ਰਕਾਰ ਕਰ ਸਕਦੇ ਹਾਂ।

ਗੁਰਬਾਣੀ ਸੰਗੀਤ ਦੇ ਅੰਤਰਗਤ ਪੜਤਾਲ ਦੇ ਪਦ ਰਚਨਾ ਹੋਣ ਕਰਕੇ ਧਰੁਪਦ ਅੰਗ ਤੋਂ ਗਾਏ ਜਾਣ ਵਾਲੇ ਦੀ ਰੀਤ ਹੈ ਅਤੇ ਪੜਤਾਲਾਂ ਤੋ ਇਹ ਸ਼ੈਲੀ ਸਪਸ਼ਟ ਵੀ ਹੋ ਜਾਂਦੀ ਹੈ। ਪੜਤਾਲ ਨੂੰ ਭਿਨ ਭਿੰਨ ਤਾਲਾਂ ਵਿਚ ਨਿਬੱਧ ਕਰਕੇ ਗਾਇਆ ਜਾਂਦਾ ਹੈ। ਪੁਰਾਤਨ ਕੀਰਤਨੀਆਂ ਦੇ ਵਿਚਾਰ ਅਨੁਸਾਰ ਇਸ ਨੂੰ ਵੱਖ ਵੱਖ ਪੰਜ ਤਾਲਾਂ ਵਿਚ ਨਿਬੱਧ ਕੀਤਾ ਜਾਣਾ ਚਾਹੀਦਾ ਹੈ। ਕਈ ਰਾਗੀ ਮੰਨਦੇ ਹਨ ਕਿ ਇਸਦਾ ਆਰੰਭ ਪੰਜ ਤਾਲ ਦੀ ਸਵਾਰੀ ਤੋਂ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚਾਰ ਨਾਲ ਲਗਭਗ ਸਾਰੇ ਹੀ ਸਹਿਮਤ ਹਨ ਕਿ ਇਸ ਦੇ ਗਾਇਨ ਰੂਪ ਦੇ ਅੰਤਰਗਤ ਤਾਲਾਂ ਦਾ ਪਰਭਾਵ ਅਤੇ ਇਨ੍ਹਾਂ ਦੀ ਗਿਣਤੀ ਪੰਜ ਹੋਣੀ ਚਾਹੀਦੀ ਹੈ। ਪੜਤਾਲ ਦੀ ਰਹਾਉ ਵਾਲੀ ਤੁਕ ਪੰਕਤੀ ਨੂੰ ਸਥਾਈ ਦੇ ਰੂਪ ਵਿਚ ਕਿਸੇ ਇਕ ਤਾਲ ਵਿਚ ਨਿਬੱਧ ਕਰ ਲਿਆ ਜਾਂਦਾ ਹੈ। ਇਸ ਦੇ ਗਾਈਨ ਸਮੇਂ ਇਹ ਤਾਲ ਸਥਾਈ ਵੀ ਹੋ ਨਿਬੜਦੀ ਹੈ। ਅੰਤਰੇ ਦੀਆਂ ਤੁਕਾਂ ਨੂੰ ਵਿਭਿੰਨ ਤਾਲਾਂ ਨੂੰ ਗਾਉਣ ਉਪਰੰਤ ਮੁੜ ਸਥਾਈ ਤਾਲ ਵਲ ਪਰਤਿਆ ਜਾਂਦਾ ਹੈ। ਇਸ ਸਾਰੀ ਪ੍ਰਕ੍ਰਿਆ ਦੌਰਾਨ ਪੜਤਾਲ ਦਾ ਰਾਗ ਇਕੋ ਹੀ ਰਹਿੰਦਾ ਹੈ। ਇਸ ਤੋਂ ਪਹਿਲਾਂ ਕਿ ਪੜਤਾਲ ਸੰਬੰਧੀ ਅਸੀਂ ਆਪਣੇ ਵਿਸ਼ਲੇਸ਼ਣ ਨੂੰ ਅੰਤਿਮ ਛੋਹਾ ਦੇਈਏ ਇਸ ਦੇ ਕਾਵਿਕ ਸਰੂਪ ਤੇ ਵਿਚਾਰ ਕਰ ਲੈਣੀ ਆਵੱਸ਼ਕ ਹੈ ਜੋ ਪੜਤਾਲ ਦੀ ਉਪਰੋਕਤ ਪਹਿਚਾਣ ਨੂੰ ਨਵੀਨ ਅਰਥ ਪ੍ਰਦਾਨ ਕਰੇਗੀ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਖਚਵੰਜਾ ਪੜਤਾਲਾਂ ਉਪਲਭਦ ਹੁੰਦੀਆਂ ਹਨ। ਇਨ੍ਹਾਂ ਪੜਤਾਲ ਰਚਨਾਵਾਂ ਦੇ ਕਾਵਿ ਰੂਪ ਦਾ ਅਧਿਐਨ ਕਰੀਏ ਤਾਂ ਇਹ ਸਹਿਜੇ ਹੀ ਬਾਕੀ ਬਾਣੀ ਨਾਲੋਂ ਭਿੰਨ ਹੋ ਜਾਂਦੀ ਹੈ। ਇਨਾਂ ਰਚਨਾਵਾਂ ਦੀਆਂ ਪੰਕਤੀਆਂ ਸਧਾਰਨ ਤੌਰ 'ਤੇ ਹੀ ਨਿਵੇਕਲੀ ਕਿਸਮ ਦੀ ਤਰਤੀਬ ਦੀਆਂ ਧਾਰਣੀ ਹਨ। ਉਦਾਹਰਣ ਹਿਤ ਹਠਾਂ ਇਹ ਪੜਤਾਲ ਦਿਤੀ ਜਾ ਰਹੀ ਹੈ:

ਕਾਨੜਾ ਮਹਲਾ ੪

ਹਰਿ ਗੁਨ ਗਾਵਹੁ ਜਗਦੀਸ ॥
ਏਕਾ ਜੀਹ ਕੀਚੈ ਲਖ ਬੀਸ ॥
ਜਪਿ ਹਰਿ ਹਰਿ ਸਬਦਿ ਜਪੀਸ ॥
ਹਰਿ ਹੋ ਹੋ ਕਿਰਪੀਸ ॥ ੧ ॥ ਰਹਾਉ ॥

ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ
ਹਰਿ ਜਪਿ ਜਪੇ ਹਰਿ ਜਪੇ ॥ ਜਪਿ ॥ ਜਪੁ ਜਾਪਉ ਜਗਦੀਸ ॥

ਤੁਮਰੇ ਜਨ ਰਾਮੁ ਜਪਹਿ ਤੇ ਊਤਮ ਤਿਨ ਕਉ ਹਉ
ਘੁਮਿ ਘੁਮੇ ਘੁਮਿ ਘੁਮਿ ਜੀਸ ॥ ੧ ॥

ਹਰਿ ਤੁਮ ਵਡ ਵਡੇ ਵਡ ਊਚੇ ਸੋ ਕਰਹਿ ਜਿ ਤੁਧ ਭਾਵੀਸ ॥
ਜਨ ਨਾਨਕ ਅੰਮ੍ਰਿਤ ਪੀਆ ਗੁਰਮਤੀ ਧਨੁ ਧਨੁ
ਧਨੁ ਧੰਨੁ ਗੁਰੂ ਸਾਬੀਸ । ੨ ॥ ੨ ॥ ੮ ।

(ਗੁ: ਗ੍ਰੰ: ਪੰਨਾ ੧੨੯੬)

ਪੜਤਾਲਾਂ ਦੀਆਂ ਤੁਕਾਂ ਵਿਚ ਸ਼ਬਦਾਂ ਅਤੇ ਸ਼ਬਦ ਜੋੜਾਂ ਦੀ ਪੁਨਰਾਵ੍ਰਿਤੀ ਕਾਫੀ ਮਾਤਰਾ ਵਿਚ ਉਪਲਬਧ ਹੈ ਕ ਵਿ ਦ੍ਰਿਸ਼ਟੀ ਤੋਂ 'ਵੀਪਸਾ' ਸ਼ਬਦ-ਅਲੰਕਾਰ ਮੰਨਿਆ ਜਾਂਦਾ ਹੈ ਜਿਸ ਦੇ ਅੰਤਰਗਤ ਸ਼ਬਦਾਂ ਦਾ ਮੁੜ ਮੁੜ ਕੇ ਪ੍ਰਯੋਗ ਕੀਤਾ ਜਾਂਦਾ ਹੈ । ਆਦਿ ਗਰੰਥ ਵਿਚ ਭਾਵੇਂ ਇਸ ਦੇ ਹੋਰ ਵੀ ਪ੍ਰਮਾਣ ਮਿਲਦੇ ਹਨ ਪ੍ਰਤੂ ਪੜ-ਤਾਲਾਂ ਵਿਚ ਇਹ ਵਧੇਰੇ ਪ੍ਰਤੱਖ ਰੂਪ ਵਿਚ ਹੈ । ਇਸੇ ਤਰ੍ਹਾਂ 'ਦੀਪਕ ਅਲੰਕਾਰ' ਦੇ ਅੰਤਰਗਤ 'ਪਦਾਵ੍ਰਿਤੀ ਦੀਪਕ ਅਲੰਕਾਰ' ਦੀਆਂ ਕੁਝ ਉਦਾਹਰਣਾਂ ਵੀ ਪੜਤਾਲ ਵਿਚ ਉਪਲਬੱਧ ਹੁੰਦੀਆਂ ਹਨ :

ਅਨਿਕ ਗਿਆਨ ਅਨਿਕ ਧਿਆਨ ਅਨਿਕ
ਜਾਪ ਜਾਪ ਤਾਪ ॥

ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ ॥ ੧ ॥

ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ
ਅਨਿਕ ਸੁਆਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥

(ਭੈਰਉ ਮਹਲਾ ੫, ਪੜਤਾਲ ਘਰੁ ੩, ਪੰਨਾ ੧੧੫੩)

ਪੜਤਾਲ ਵਿਚ ਸ਼ਬਦਾਂ ਨੂੰ ਸੰਯੁਕਤ ਸ਼ਬਦ ਜੋੜਾਂ ਦੇ ਰੂਪ ਵਿਚ ਜਿਸ ਪ੍ਰਕਾਰ ਪ੍ਰਯੋਗ ਕੀਤਾ ਗਿਆ ਹੈ ਉਸ ਪ੍ਰਕਾਰ ਸ਼ਬਦ ਦੀ ਸ਼ਕਤੀ, ਸ਼ਬਦਾਂ ਦਾ ਸੌਂਦਰਯ ਅਤੇ ਸ਼ਬਦ ਜੋੜਾਂ ਦੀ ਵਿਲੱਖਣ ਸਮਰੱਥਾ ਪ੍ਰਕਾਸ਼ਮਾਨ ਹੁੰਦੀ ਹੈ । ਸ਼ਬਦਾਂ ਦੀ ਪੁਨਰਾਵ੍ਰਿਤੀ ਅਤੇ ਸ਼ਬਦ ਜੋੜਾਂ ਦੀ ਪੁਨਰਾਵ੍ਰਿਤੀ ਜਿਥੇ ਸੰਗੀਤਕ ਤੌਰ 'ਤੇ ਪੜਤਾਲ ਦੀ ਗਾਇਨ ਪ੍ਰਕਿਆ ਨੂੰ ਗਤੀਸ਼ੀਲ ਰਖਦੀ ਹੈ ਉਥੇ ਇਹ ਸ਼ਬਦ ਦੀ ਭਾਵ ਅਤੇ ਅਰਥ ਸਮਰੱਥਾ ਨੂੰ ਵੀ ਹੋਰ ਵਧੇਰੇ ਤੀਬਰ ਕਰਦੀ ਹੈ :

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡਭਾਗ ਮਥੋਰਾ ॥

ਹਰਿ ਰਾਮੋ ਬੋਲਹੁ ਹਰਿ ਸਾਧੂ ਹਰਿ ਕੇ ਜਨ ਸਾਧੂ ਜਗਦੀਸੁ ਜਪਹੁ
ਮਨਿ ਬਚਨਿ ਕਰਮਿ ਹਰਿ ਹਰਿ ਅਰਾਧੂ ਹਰਿ ਕੋ ਜਨ ਸਾਧੂ ॥
(ਸਾਰੰਗ ਮਹਲਾ ੪ ਪੰਨਾ ੧੨੦੧)

ਪੜਤਾਲ ਰਚਨਾ ਵਿਚ ਸ਼ਬਦਾਂ ਨੂੰ ਉਨ੍ਹਾਂ ਦੀ ਮੂਲ ਸ਼ਾਬਦਿਕ ਸੰਰਚਨਾ ਤੋਂ ਤਰਾਸ਼ ਕੇ ਇਸ ਪੜਤਾਲ ਦੀ ਲੈਆਤਮਿਕਤਾ ਦੇ ਅੰਤਰਗਤ ਨਵੀਨ ਸਰੂਪ ਵੀ ਪ੍ਰਦਾਨ ਕਰਵਾਇਆ ਗਿਆ ਹੈ ਜਿਵੇਂ ਭਗਤ, ਗਵਾਧੂ, ਅਰਾਧੂ, ਦਇਆਰ, ਗੋਬਿੰਦਹਿ, ਭਾਵੀਸ, ਕਿਰਪੀਸ, ਘੁਮਿ, ਘੁਮੇ, ਸਾਬੀਸ ਆਦਿ ਇਸ ਰਚਨਾ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਅੰਤਰੇ ਵਾਲੀਆਂ ਪੰਕਤੀਆਂ ਦੇ ਅਖੀਰਲੇ ਸ਼ਬਦ ਦੀ ਕਈ ਵੇਰ ਪੁਨਰਾਵ੍ਰਿਤੀ ਕੀਤੀ ਗਈ ਹੈ ਉਦਾਹਰਣ ਤੌਰ 'ਤੇ ਜਿਵੇਂ :

—ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ
—ਜਨੁ ਨਾਨਕੁ ਹਰਿ ਹਰਿ ਮਿਲੇ ਭਏ ਗਲਤਾਨ ਹਾਲ ਨਿਹਾਲ ਨਿਹਾਲ ॥
(ਨਟ ਮਹਲਾ ੪, ਪੰਨਾ ੯੭੭)

—ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ
ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ ॥
(ਨਟ ਮਹਲਾ ੪, ਪੰਨਾ ੯੭੮)

ਸਮੁੱਚੇ ਤੌਰ 'ਤੇ ਪੜਤਾਲ ਰਚਨਾ ਵਿਚ ਇਕ ਖਾਸ ਕਿਸਮ ਦੀ ਲੈਆਤਮਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ ਇਹ ਲੈਆਤਮਿਕਤਾ ਪੜਤਾਲ ਦੀ ਬਾਕੀ ਬਾਣੀ ਨਾਲੋਂ ਤੁਕ-ਅਕਾਰੀ ਭਿੰਨਤਾ ਵਿਲੱਖਣ ਸਰੂਪ ਦਿਵਾਉਂਦੀ ਹੈ। ਇਸ ਬਾਣੀ ਵਿਚ ਸ਼ਬਦ ਤੁਕਾਂਤ ਵੀ ਵਿਸ਼ੇਸ਼ ਬਲ ਨਾਲ ਉਚਾਰੇ ਜਾਂਦੇ ਹਨ। ਜਿਵੇਂ ਨਟ ਮਹਲਾ ੪ ਦੀ ਇਕ ਪੜਤਾਲ ਵਿਚ ਹੇਠ ਲਿਖਿਆ ਤੁਕਾਂਤ ਇਸ ਪ੍ਰਕਾਰ ਹੈ :

—ਹਰਿ ਕੀ ਹਰਿ ਗਾਲ
– ਹਰਿ ਹੋ ਹੋ ਮੇਲਿ ਨਿਹਾਲ,
ਨਿਹਾਲ ਨਿਹਾਲ ਨਿਹਾਲ।

ਪੜਤਾਲ ਦੀ ਇਹ ਲੈਆਤਮਿਕ ਵਿਲੱਖਣਤਾ ਸਾਨੂੰ ਇਸ ਗਲ ਲਈ ਵਿਵਸ਼ ਕਰਦੀ ਕਿ ਅਸੀਂ ਵੇਖੀਏ ਕਿ ਭਾਰਤੀ ਛੰਦ ਵਿਧਾਨ ਵਿਚ ਇਹ ਕਿਸ ਛੰਦ ਨਾਲ ਸਮਾਨਤਾ ਰਖਦੀ ਹੈ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸੰਗੀਤ ਛੰਦ ਅਜਿਹਾ ਛੰਦ ਹੈ ਜਿਸ ਵਿਚ ਵਾਦਯ ਸੰਗੀਤ ਅਰਥਾਤ ਮ੍ਰਿਦੰਗ ਦੇ ਬੋਲ ਆਉਂਦੇ ਹਨ ਅਤੇ ਜਿਨ੍ਹਾਂ ਦਾ ਪਾਠ ਲੈਅ ਅਤੇ ਤਾਲ ਦਾ ਧਿਆਨ ਰੱਖ ਕੇ ਕੀਤਾ ਜਾਣਾ ਹੈ। ਇਸੇ ਕਰਕੇ ਇਨ੍ਹਾਂ ਦੇ ਨਾਮ ਨਾਲ ਸੰਗੀਤ ਪਦ ਜੋੜਿਆ ਗਿਆ ਹੈ।[1] ਇਸ ਛੰਦ ਦੀ ਵਰਤੋਂ ਦਸਮ ਗਰੰਥ ਵਿਚ ਕੀਤੀ ਗਈ

1. ਭਾਈ ਕਾਨ੍ਹ ਸਿੰਘ ਨਾਭਾ **ਗੁਰ ਛੰਦ ਦਿਵਾਕਰ**, ਪੰਨਾ 82

ਹੈ ਜਿਸਦੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿਚਲੇ ਸ਼ਬਦ ਜੋੜ ਤਾਲ-ਮੁਖੀ ਅਤੇ ਮ੍ਰਿਦੰਗਾਂ ਦੇ ਬੋਲਾਂ ਅਨੁਸਾਰ ਘੜੇ ਗਏ ਹਨ। ਪੜਤਾਲ ਰਚਨਾ ਵਿਚ ਵੀ ਇਹੋ ਖਾਸੀਅਤ ਹੈ ਕਿ ਇਸ ਦੇ ਸ਼ਬਦਾਂ ਦੀ ਲੈਆਤਮਿਕਤਾ ਵਿਭਿੰਨ ਤਾਲਾਂ ਦੀ ਅਨੁਸਾਰੀ ਹੈ। ਭਾਰਤੀ ਸੰਗੀਤ ਵਿਚ 'ਪੜ੍ਹਾਲ' ਨਾਮਕ ਤਕਨੀਕੀ ਸ਼ਬਦ ਸੰਗੀਤਕੋਸ਼ ਵਿਚ ਦਰਜ ਹੈ। ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਜਾਂਦੀ ਹੈ : ਮ੍ਰਿਦੰਗ ਆਦਿ ਦੇ ਬੋਲ। ਵਿਭਿੰਨ ਸ਼ਬਦ ਜਾਂ ਵਾਦਯ ਜਿਸ ਰੂਪ ਵਿਚੋਂ ਹੱਥ ਦੁਆਰਾ ਕੱਢ ਜਾਂਦੇ ਹਨ ਉਸ ਨੂੰ 'ਪੜ੍ਹਾਲ' ਕਿਹਾ ਜਾਂਦਾ ਹੈ। ਦੂਸਰੇ ਅਰਥਾਂ ਅਨੁਸਾਰ ਕਿਸੇ ਵੀ ਸਲੋਕ ਦੀ ਬਾਣੀ ਦੇ ਛੰਦ ਦੇ ਅਨੁ-ਰੂਪ ਅਵਨੱਧ ਵਾਦਯ ਉੱਤੇ ਵਾਦਨ ਉਪਯੋਗੀ ਬੋਲਾਂ ਨੂੰ ਵੀ ਸ਼ਲੋਕ ਵਾਚੀ ਦਾ 'ਪੜ੍ਹਾਲ' ਕਿਹਾ ਜਾਂਦਾ ਹੈ।"[1] ਇਸ ਪਰਿਭਾਸ਼ਾ ਤੋਂ ਸੰਕੇਤ ਮਿਲਦਾ ਹੈ ਕਿ ਮ੍ਰਿਦੰਗ ਆਦਿ ਦੇ ਬੋਲਾਂ ਵਾਲੀ ਰਚਨਾ ਨੂੰ ਸੰਗੀਤ ਵਿਚ ਮਾਨਤਾ ਸੀ ਅਤੇ ਇਸ ਨੂੰ 'ਪੜਤਾਲ' ਕਿਹਾ ਜਾਂਦਾ ਸੀ। ਪੜਤਾਲ ਦੀ ਪ੍ਰਚਲਿਤ ਪਰਿਭਾਸ਼ਾ ਅਨੁਸਾਰ ਤਾਲਾ ਦਾ ਬਾਰ ਬਾਰ ਪਰਤਣਾ ਵੀ ਇਸੇ ਲੈਆਤਮਿਕਤਾ ਦੀ ਵਿਭਿੰਨਤਾ ਉਪਰ ਅਧਾਰਿਤ ਹੈ। ਗੁਰਮਤਿ ਸੰਗੀਤ ਵਿਚ ਵਿਵਹਾਰਕ ਤੌਰ 'ਤੇ ਪ੍ਰਚਲਿਤ ਪੜਤਾਲ ਗਾਇਕੀ ਅਧੀਨ ਵਿਭਿੰਨ ਤਾਲਾਂ ਦਾ ਪ੍ਰਯੋਗ, ਪੜਤਾਲ ਦੀ ਬਾਣੀ ਵਿਚਲੀ ਲੈਆਤਮਿਕਤਾ ਅਤੇ ਤਾਲਮੁਖਤਾ ਦਾ ਇਕ ਹੋਰ ਸਪਸ਼ਟ ਪ੍ਰਮਾਣ ਹੈ।

ਪੜਤਾਲ ਸੰਬੰਧੀ ਉਪਰੋਕਤ ਵਿਸ਼ਲੇਸ਼ਣ ਤੋਂ ਪੜਤਾਲ ਦੇ ਪ੍ਰਚਲਿਤ ਸ਼ਬਦ ਜੋੜਾਂ ਨੂੰ ਇਕ ਨਵੀਨ ਅਰਥਾਂ ਅਨੁਸਾਰ ਵੀ ਵਿਭਜਿਤ ਕੀਤਾ ਜਾ ਸਕਦਾ ਹੈ। 'ਪੜ+ਤਾਲ' ਅਰਥਾਤ ਇਸ ਸ਼ਬਦ ਰਚਨਾ ਦਾ ਪਾਠ ਤਾਲ ਵਾਂਗੂੰ ਕੀਤਾ ਜਾਵੇ। ਇਹ ਅਨੁਭਵ ਗੁਰ-ਬਾਣੀ ਵਿਚ ਦਰਜ ਪੜਤਾਲਾਂ ਦੇ ਪਾਠ ਤੋਂ ਸਹਿਜੇ ਹੀ ਹੋ ਜਾਂਦਾ ਹੈ ਅਤੇ ਸਾਡੇ ਇਸ ਕਥਨ ਦੀ ਪੁਸ਼ਟੀ ਵੀ ਕਰਦਾ ਹੈ। ਇਸੇ ਤਰ੍ਹਾਂ ਸਾਡੀ ਇਸ ਧਾਰਣਾ ਅਤੇ ਇਸ ਕਥਨ ਦੀ ਪੁਸ਼ਟੀ ਭਾਰਤੀ ਸੰਗੀਤ ਵਿਚ ਪ੍ਰਚਲਿਤ 'ਪੜ੍ਹਾਲ' ਨਾਮਕ ਸ਼ਬਦ ਤੋਂ ਵੀ ਹੁੰਦੀ ਹੈ ਜਿਸ ਦੇ ਪਰਿਭਾਸ਼ਿਕ ਗੁਣ ਪੜਤਾਲ ਨਾਲ ਸਮਾਨਤਾ ਰਖਦੇ ਹਨ। ਪੜਤਾਲ ਦੇ ਸੰਗੀਤ ਪ੍ਰਬੰਧ ਦੀ ਸਿਰਜਣਾ ਵੇਲ ਤਾਲ ਦੀ ਇਹੀ 'ਪੜ੍ਹੰਤ' ਵਿਭਿੰਨ ਤਾਲਾਂ ਦਾ ਨਿਰਧਾਰਣ ਕਰਦੀ ਹੈ ਜੇਕਰ ਪੜਤਾਲ ਦੇ ਪਾਠ ਭਾਵ ਪੜਤਾਲ ਲੈਆਤਮਿਕ ਤਲ ਤੁਕਾਂਤ ਨਾਲ ਸੰਬੰਧਿਤ ਤਾਲ ਨਾਲ ਮੇਲ ਨਹੀਂ ਖਾਵੇਗਾ ਤਾਂ ਸੰਬੰਧਿਤ ਪੜਤਾਲ ਨੂੰ ਵਿਭਿੰਨ ਤਾਲਾਂ ਅਨੁਸਾਰ ਵਿਭਾਜਕ ਕਰਨਾ ਹੀ ਅਸੰਭਵ ਹੈ। ਸ਼ਬਦਾਂ ਦੀ ਪੁਨਰਾਵ੍ਰਿਤੀ ਜਿਥ ਪੜਤਾਲ ਰਚਨਾ ਦੇ ਸੌਂਦਰਾ-ਯਤਮਿਕ ਮੁੱਲਾਂ ਵਿਚ ਵਾਧਾ ਕਰਦੀ ਹੈ ਉਥੇ ਇਹ ਇਸ ਦੇ ਤਾਲ-ਵਜ਼ਨ ਨੂੰ ਵੀ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ।

ਉਪਰੋਕਤ ਚਰਚਾ ਦੇ ਆਧਾਰ 'ਤੇ ਅਸੀਂ ਜੇਕਰ ਕਿਸੇ ਪੜਤਾਲ ਦਾ ਅਧਿਐਨ ਕਰੀਏ ਤਾਂ ਪੜਤਾਲ ਗਾਇਕੀ ਦੀ ਸੰਪੂਰਨ ਵਿਲੱਖਣਤਾ ਹੋਰ ਵੀ ਸਪਸ਼ਟ ਹੋ ਜਾਂਦੀ ਹੈ।

---

1. ਚੌਧਰੀ ਵਿਮਲਾ ਕਾਂਤ ਰਾਏ, **ਭਾਰਤੀਯ ਸੰਗੀਤ ਕੋਸ਼**, ਪੰਨਾ 70

ਖੂਬਸੂਰਤੀ ਨੂੰ ਕਾਇਮ ਰਖਦੇ ਹਨ। ਇਹਨਾ ਤਾਲਾਂ ਦੇ ਪ੍ਰਯੋਗ ਦੀ ਤਰਤੀਬ ਅਤੇ ਸਥਾਈ ਦੇ ਸਮਾਨਅੰਤਰ ਪ੍ਰਯੁਕਤ ਹੋਣ ਵਾਲੀ ਲੈਅ ਵਿਚ ਅਜਿਹੀ ਲੈਆਤਮਿਕ ਸਮਾਨਤਾ ਜ਼ਰੂਰੀ ਹੈ ਜੋ ਇਸਦੇ ਕੇਂਦਰ (ਸਥਾਈ) ਤਾਲ ਨਾਲ ਸਮਤਾਲੀ ਸਾਂਝ ਦੀ ਧਾਰਣੀ ਹੋਵੇ। ਭਾਵੇਂ ਕੁਝ ਕੁ ਪ੍ਰਚਲਿਤ ਪੜਤਾਲ ਰੂਪ ਮਨ-ਘੜਤ ਤਰੀਕ ਨਾਲ ਤਾਲਾਂ ਦਾ ਅਕਾਵੇਂ ਪ੍ਰਭਾਵ ਦਾ ਪ੍ਰਦਰਸ਼ਨ ਵੀ ਕਰਦੀਆਂ ਵੇਖੀਆਂ ਜਾਂਦੀਆਂ ਹਨ ਪਰੰਤੂ ਪੜਤਾਲ ਗਾਇਕੀ ਦੀ ਮੌਲਿਕਤਾ ਅਤ ਮੂਲ ਲੱਛਣਾਂ ਉਪਰ ਇਹਨਾਂ ਪੜਤਾਲਾਂ ਦਾ ਪੂਰੇ ਉਤਰਨਾ ਸਿਧਾਂਤਕ ਤੌਰ 'ਤੇ ਸਹੀ ਨਹੀਂ ਜਾਪਦਾ।

ਪੜਤਾਲ ਗਾਇਕੀ ਲਈ ਇਕ ਗਾਇਕ ਦਾ ਧਰੁਪਦ, ਧਮਾਰ, ਖਿਆਲ ਅਤੇ ਤਰਾਨਾ ਗਾਇਨ ਸ਼ੈਲੀਆਂ ਦੇ ਮੂਲ ਗੁਣਾਂ ਤੋਂ ਨਾ ਕੇਵਲ ਵਾਕਿਫ ਹੋਣਾ ਜ਼ਰੂਰੀ ਹੈ ਸਗੋਂ ਸੰਬੰਧਿਤ ਗਾਇਕ ਦਾ ਇਹਨਾਂ ਵਿਚ ਨਿਪੁੰਨ ਹੋਣਾ ਵੀ ਲਾਜ਼ਮੀ ਹੈ। ਰਾਗ ਉਪਰ ਪਕੇਰੀ ਪਕੜ ਰਿਆਜ਼ ਤਾਲ ਦੀ ਪੂਰਣ ਸਮਝ ਉਪਰੰਤ ਗਾਇਨ ਸ਼ੈਲੀਆਂ ਦੇ ਮੌਲਿਕ ਗੁਣਾਂ ਦਾ ਭਰਪੂਰ ਰਿਆਜ਼ ਅਤੇ ਕਰੜੀ ਮਿਹਨਤ ਉਪਰੰਤ ਗਾਇਨ ਹੀ ਪੜਤਾਲ ਗਾਇਕੀ ਨੂੰ ਸੰਪੂਰਨ ਬਣਾ ਸਕਦਾ ਹੈ।

ਪੜਤਾਲ ਸਬੰਧੀ ਉਪਰੋਕਤ ਚਰਚਾ ਤੋਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਇਹ ਗੁਰਮਤਿ ਸੰਗੀਤ ਦੀ ਵਿਸ਼ਾਲ ਅਤੇ ਮਹਾਨ ਪਰੰਪਰਾ ਦਾ ਵਿਲੱਖਣ ਅਤੇ ਵਰਨਣਯੋਗ ਗਾਇਨ ਰੂਪ ਹੈ ਜਿਸ ਦੀ ਮੌਲਿਕਤਾ ਨੂੰ ਪਛਾਣਨਾ ਅਤਿ ਜ਼ਰੂਰੀ ਹੈ। ਵਰਤਮਾਨ ਸਮੇਂ ਪੜਤਾਲ ਗਾਇਕੀ ਕੁਝ ਬਜ਼ੁਰਗ ਕੰਠਾਂ ਦਾ ਹਿਸਾ ਹੀ ਰਹਿ ਗਈ ਹੈ ਅਤੇ ਜਾਂ ਫਿਰ ਪੁਸਤਕਾਂ ਪੰਨਿਆਂ ਉਤੇ ਦਰਜ ਇਸ ਗਾਇਕੀ ਦੀਆਂ ਕੁਝ ਬੰਦਿਸ਼ਾਂ ਦੇ ਸੁਰ, ਨਿਹਾਰ ਰਹੇ ਹਨ ਕਿ ਸਾਨੂੰ ਕੋਈ ਉਠਾਵੇ ਅਤੇ ਗਾਵ। ਇਸ ਗਾਇਕੀ ਦੀ ਸੁਰਖਿਆ, ਸੰਭਾਲ ਅਤੇ ਪਹਿਚਾਣ ਵਰਤਮਾਨ ਦੇ ਸੰਦਰਭ ਵਿਚ ਅਤਿ ਲੋੜੀਂਦੀ ਹੈ।

# ਗੁਰਬਖਸ਼ ਸਿੰਘ ਦੀ ਸੰਗੀਤਕ ਸੂਝ

—ਡਾ. ਡੀ. ਐਸ. ਨਰੂਲਾ
ਡੀ. ਏ. ਵੀ. ਕਾਲਜ, ਮਲੋਟ

ਗੁਰਬਖਸ਼ ਸਿੰਘ ਦੀ ਸੰਗੀਤਕ ਸੂਝ ਬਾਰੇ ਉਸ ਦੀਆਂ ਲਿਖਤਾਂ ਵਿਚੋਂ ਅਤੇ ਅਮਲੀ ਜੀਵਨ ਵਿਚੋਂ ਅਨੇਕਾਂ ਪ੍ਰਮਾਣ ਮਿਲਦੇ ਹਨ ਜਿਸ ਤੋਂ ਇਹ ਸਹਿਜ ਹੀ ਵਿਸ਼ਵਾਸ ਹੁੰਦਾ ਕਿ ਸੰਗੀਤ ਕਲਾ ਬਾਰੇ ਉਸ ਦਾ ਗਿਆਨ ਕੋਰਾ ਕਾਗਜ਼ੀ ਹੀ ਨਹੀਂ ਸੀ, ਬਲਕਿ ਉਹ ਇਕ ਚੰਗਾ ਸੰਗੀਤ ਆਲੋਚਕ, ਚੰਗਾ ਸ਼ਰੋਤਾ ਅਤੇ ਚੰਗਾ ਪ੍ਰਸੰਗਕ ਵੀ ਸੀ। ਤੇ ਉਸ ਨੂੰ ਕਲਾ ਅਤੇ ਲਲਿਤ ਕਲਾ ਦੇ ਸੁਹਜ (ਸੌਂਦਰਯ) ਪ੍ਰਭਾਵ ਅਤੇ ਮਹੱਤਵ ਬਾਰੇ ਵੀ ਕਾਫੀ ਸੋਝੀ ਸੀ।

ਗੁਰਬਖਸ਼ ਸਿੰਘ ਨੇ ਉਚੇਚੇ ਤੌਰ ਤੇ ਕਿਸੇ ਕੋਲੋਂ ਸੰਗੀਤ ਸਿਖਿਆ ਨਹੀਂ ਲਈ ਸੀ, ਪਰ ਉਸ ਦੀ ਅਧਿਐਨ ਸ਼ੀਲਤਾ ਅਤੇ ਅਨੁਭਵ ਸ਼ਕਤੀ ਕਮਾਲ ਦਰਜੇ ਦੀ ਸੀ, ਜਿਸ ਕਾਰਨ ਜੀਵਨ ਦੇ ਹਰੇਕ ਖੇਤਰ ਵਿਚ ਉਸ ਨੇ ਆਪਣੇ ਗਿਆਨ ਦਾ ਘੇਰਾ ਕਾਫੀ ਵਧਾ ਲਿਆ ਸੀ। ਇਵੇਂ ਹੀ ਗੁਰਬਖਸ਼ ਸਿੰਘ ਨੂੰ ਗਾਉਂਦਿਆਂ ਭਾਵੇਂ ਕਿਸੇ ਨਹੀਂ ਤਕਿਆ, ਪਰ ਉਸ ਦੀ ਸੰਗੀਤਕ ਰੁਚੀ ਦਾ ਖੰਡਨ ਵੀ ਕਿਸੇ ਨਹੀਂ ਕੀਤਾ। ਬਾਕੀ ਉਸ ਦੀਆਂ ਲਿਖਤਾਂ ਦਾ ਸੂਖਮ ਅਧਿਐਨ ਕਰਨ ਤੋਂ ਉਪ੍ਰੋਕਤ ਤੱਤ ਸਪਸ਼ਟ ਹੁੰਦੇ ਹਨ ਕਿ ਉਹ ਸੰਗੀਤਕ ਰੁਚੀ ਰਖਦਾ ਸੀ, ਸੰਗੀਤ ਦਾ ਰਸੀਆ ਸੀ। ਭਾਰਤੀ ਅਤੇ ਪੱਛਮ ਸੰਗੀਤ ਦੇ ਮੂਲ ਤੱਤਾਂ ਤੋਂ ਵਾਕਫ ਸੀ। ਸੰਗੀਤ ਅਤੇ ਸੰਗੀਤਕਾਰ ਦੇ ਮਹੱਤਵ ਨੂੰ ਸਮਝਦਾ ਸੀ ਅਤੇ 'ਲਿਖਤਾਂ' ਰਾਹੀਂ ਸੰਗੀਤਕ ਵਾਤਾਵਰਣ ਉਪਜਾਣ ਵਿਚ ਮਾਹਰ ਸੀ। ਜਿਹੜੇ ਲੋਕ ਉਸ ਦੇ ਨਿਜ਼ੀ ਸੰਪਰਕ ਵਿਚ ਆਏ, ਉਹ ਉਸ ਦੀ ਸਖਸ਼ੀਅਤ ਤੋਂ ਵਧੇਰੇ ਪ੍ਰਭਾਵਿਤ ਹੋਏ, ਕਿਉਂਕਿ ਉਸ ਦੀ ਗੱਲਬਾਤ ਦਾ ਠਰੰਮਾ ਸੰਗੀਤ ਦੇ ਸ਼ਾਂਤਮਈ ਰਸ ਵਰਗਾ ਸੀ, ਪ੍ਰੀਤ ਫਿਲਾਸਫੀ : ਸ਼ਿੰਗਾਰ ਰਸ ਵਰਗੀ ਦਿਲਚਸਪ ਅਤੇ 'ਹਾਵ-ਭਾਵ' ਕਿਸੇ ਸੰਗੀਤਕ ਕੋਲੋਂ ਘੱਟ ਨਹੀਂ ਸੀ।

'ਰੁੱਖਾਂ ਦੀ ਜੀਰਾਂਦ' ਨਾਵਲ ਦੇ ਪਖੰਡੀ ਮਹੰਤ ਅਤੇ 'ਪਾਰੋ' ਵਿਚ ਸੰਗੀਤ ਪ੍ਰਤਿਭਾ ਦਾ ਚਿਤਰਣ ਅਤੇ ਤੁਲਨਾ ਗੁਰਬਖਸ਼ ਸਿੰਘ ਦੀ ਸੰਗੀਤਕ ਸੂਝ ਦਾ ਪ੍ਰਤੀਕ ਹੈ ਜਿਵੇਂ : "ਸੰਗਤ ਉਤੇ ਏਸ ਕਥਾ ਦੇ ਸ਼ਬਦਾਂ ਨਾਲੋਂ ਵੀ ਬਹੁਤਾ ਅਸਰ ਮਹੰਤਾਂ ਦੀ ਨਾਟਕੀ ਅਦਾ ਦਾ ਪੈ ਰਿਹਾ ਸੀ। ਕਥਾ ਦੇ ਬਾਅਦ ਕੀਰਤਨ ਸ਼ੁਰੂ ਹੋਇਆ। ਏਸ ਕੀਰਤਨ ਵਿਚ ਵੀ ਉਹਨਾਂ ਇਕ ਬੜੇ ਪਿਆਰੇ ਸ਼ਬਦ ਨੂੰ ਆਪਣੇ ਵਲੋਂ ਬੇਖੁਦ ਹੋ ਗਾਂਵਿਆ। ਸੰਗਤ ਝੂਮ ਰਹੀ ਸੀ। ਰਾਣੀ ਜੀ ਤੇ ਪਾਰੋ ਧਿਆਨ ਨਾਲ ਸੁਣ ਰਹੇ ਸਨ। ਰਾਇ ਬਹਾਦਰ ਦੇ ਮੂੰਹ ਤੇ ਕੋਈ ਪ੍ਰਤੱਖ-ਪ੍ਰਤੀਕਰਮ ਨਹੀਂ ਸੀ।

ਉਪਰੋਕਤ ਸਤਰਾਂ ਵਿਚ ਛੋਟੇ-ਛੋਟੇ ਭਾਵਪੂਰਤ ਵਾਕ ਠੁਮਰੀ ਸ਼ੈਲੀ ਵਰਗੇ ਹਨ। ਪਰ ਇਹ ਤਾਂ ਇਕ ਸਾਹਿਤਕ ਗੁਣ ਹੋਇਆ, ਜਿਸ ਵਿਚ ਉਹ ਪ੍ਰਵੀਨ ਸੀ। ਇਸੇ ਲਈ ਵਾਰਤਕ ਦਾ ਮੋਢੀ ਕਹਿਲਾਇਆ। ਪਰੰਤੂ ਇਹਨਾਂ ਸਤਰਾਂ ਵਿਚ ਦੋ ਗੱਲਾਂ ਹਨ ਜੋ ਸੰਗੀਤ ਦੇ ਪਖੋਂ ਮਹਤਵਪੂਰਣ ਹਨ, ਜਿਵੇਂ 'ਨਾਟਕੀ ਅਦਾ' ਜਿਸ ਰਾਹੀਂ ਕਥਾ ਜਾਂ ਕੀਰਤਨ ਕਰਨ ਵਾਲੇ ਅਕਸਰ ਆਮ ਜਨਤਾ ਨੂੰ ਭਰਮਾ ਲੈਂਦੇ ਹਨ—ਪਰ ਅੰਤ ਵਿਚ 'ਰਾਣੀ ਜੀ ਤੇ ਪਾਰੋ' ਧਿਆਨ ਨਾਲ ਸੁਣ ਰਹੇ ਸਨ "ਰਾਇ ਬਰਾਦਰ ਦੇ ਮੂੰਹ ਤੇ ਕੋਈ ਪਰਤੱਖ ਪ੍ਰਤੀਕਰਮ ਨਹੀਂ ਸੀ" ਇਹ ਲਿਖ ਕੇ ਉਸ ਨੇ ਸਮਝਦਾਰ ਸਰੋਤਿਆਂ ਵਿਚ ਅਤੇ ਅਨਾੜੀ ਸਰੋਤਿਆਂ ਵਿਚ ਅੰਤਰ ਸਪਸ਼ਟ ਕਰ ਦਿਤਾ ਕਿਉਂਕਿ "ਸੰਗਤ ਝੂਮ ਰਹੀ ਸੀ।" ਸੋ ਇਸ ਨਾਵਲ ਵਿਚ ਪਾਰੋ ਦਾ ਚਿਤ੍ਰਣ 'ਸੁਚੱਜੀ' ਪਾਤਰ ਵਰਗਾ ਦਿਖਾਇਆ ਹੈ ਅਤੇ ਉਸ ਦੇ ਕੀਰਤਨ ਗਾਇਨ ਦਾ ਨਕਸ਼ਾ ਗੁਰਬਖਸ਼ ਸਿੰਘ ਨੇ ਇਸ ਤਰ੍ਹਾਂ ਉਲੀਕਿਆ ਹੈ :

"ਫੇਰ ਅੱਖਾਂ ਖੋਲ ਕੇ ਆਪਣੇ ਵਾਜੇ ਉਤੇ ਉਂਗਲਾਂ ਫੇਰੀਆਂ ਤੇ ਜਦੋਂ ਜਾਤਾ ਕਿ ਉਹਦੀ ਅੰਦਰਲੀ ਆਵਾਜ਼ ਵਾਜੇ ਨਾਲ ਇਕ ਸੁਰ ਹੋ ਗਈ ਸੀ ਤਾਂ ਫੇਰ ਉਸ ਅੱਖਾਂ ਮੀਟ ਲਈਆਂ ਤੇ ਉਹਦੇ ਚਿਹਰੇ ਦਾ ਹਰ ਨਕਸ਼ ਉਸ ਦੇ ਅਣ-ਬੋਲੇ ਸ਼ਬਦਾਂ ਦਾ ਚਿੱਤਰ ਬਣ ਗਿਆ। ਸੁਰ ਉੱਚੀ ਹੋਈ "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ" ਕੋਈ ਨਾਟਕੀ ਅਦਾ ਨਹੀਂ, ਨਾ ਸਿਰੋਂ ਦੁਪੱਟਾ ਸਰਕਿਆ, ਨਾ ਛਾਤੀ ਤੋਂ ਕਪੜਾ ਹਿਲਿਆ। ਉਂਗਲਾਂ ਹਿਲ ਰਹੀਆਂ ਸਨ, ਬੁਲ੍ਹ ਹਿਲ ਰਹੇ ਸਨ, ਬਾਕੀ ਸਾਰਾ ਸਰੀਰ ਜਿਉਂ ਹੈ ਹੀ ਨਹੀਂ। ਆਤਮਾ ਹੀ ਕਿਧਰੋਂ ਕਿਸੇ ਲੁਕ ਚਸ਼ਮੇ ਵਾਂਗ ਝਰ-ਝਰ ਕੇ ਰੁਮਕਦੀ ਪੌਣ ਵਿਚ ਥਿਰਕਦੀ ਚਲੀ ਜਾ ਰਹੀ ਸੀ। ਸੰਗਤ ਵਿਚ ਕਈਆਂ ਦੀਆਂ ਅੱਖਾਂ ਮੀਟੀਆਂ ਗਈਆਂ। ਗਾਉਂਦੇ ਬੁਲ੍ਹਾਂ ਦੀ ਝਾਤ ਲਈ ਕਈ ਬੇਸਬਰ ਧੌਣਾਂ ਉੱਚੀਆਂ ਹੋਈਆਂ।"

ਇਸ ਵਿਚ ਸੰਗੀਤਕਾਰ ਦੇ ਗਾਉਣ ਸਮੇਂ ਦੀਆਂ ਹਰਕਤਾਂ, ਮੂਡ, ਸੰਗੀਤਕ ਪ੍ਰਭਾਵ, ਪ੍ਰਸੰਸਾ ਅਤੇ ਭਾਵ-ਪੂਰਤ ਚਿਹਰ ਬਾਰੇ ਸੰਗੀਤਕ ਪਖ ਤੋਂ ਬਿਲਕੁਲ ਠੀਕ ਲਿਖਿਆ ਹੈ ਅਤੇ ਨਾਲ ਹੀ ਸੰਗੀਤ ਸ਼ਾਸਤਰ ਦੇ ਸਿਧਾਂਤ ਅਨੁਸਾਰ 'ਮੁੱਦਰਾ-ਦੋਸ਼' (Over Acting) (ਗਾਇਕ ਦੇ ਗੁਣ, ਅਵਗੁਣ) ਵਲ ਵੀ ਉਚੇਚਾ ਧਿਆਨ ਦਿਵਾਇਆ ਹੈ ਜੋ ਕਿ ਸੰਗੀਤਕ ਚੇਤੰਨਤਾ ਦਾ ਪ੍ਰਤੀਕ ਹੈ।

ਜ਼ਿੰਦਗੀ ਵਿਚ ਸੁਹਜ ਅਤੇ ਸੁਖ ਵਧਾਉਣ ਲਈ ਗੁਰਬਖਸ਼ ਸਿੰਘ ਆਪਣਾ ਤਜਰਬਾ ਬਿਆਨ ਕਰਦਾ ਹੈ ਅਤੇ ਨਾਲ ਹੀ ਆਦਿ ਕਾਲ ਵਿਚ ਸੰਗੀਤ ਦੇ ਆਦਿ ਵਿਕਾਸ ਬਾਰੇ ਪ੍ਰਮਾਣਿਕ ਮੱਤ (ਮਨੋਵਿਗਿਆਨਕ) ਵੀ ਸੰਖੇਪ ਵਿਚ ਲਿਖਦਾ ਹੈ :

"ਕਰੋੜਾਂ ਵਰ੍ਹਿਆਂ ਵਿਚ ਏਸ ਜਾਂਗਲੀ ਜਿਹੇ ਮਨੁਖ ਨੇ ਆਪਣੀਆਂ ਦੋ ਲੱਤਾਂ ਨੂੰ ਬਾਹਾਂ ਬਣਾ ਲਿਆ। ਫੇਰ ਏਸ ਨੇ ਬੋਲਣ ਦੀ ਜਾਚ ਸਿਖ ਲਈ। ਤੇ ਹੋਰ ਹਜ਼ਾਰਾਂ ਵਰ੍ਹਿਆਂ ਵਿਚ ਇਸ ਨੇ ਖੇਤੀ ਕਰਨੀ ਸਿਖ ਲਈ। ਏਸ ਨੇ ਹਥਿਆਰ ਬਣਾਏ, ਇਹ ਘਰਾਂ ਵਿਚ ਰਹਿਣ ਲਗ ਪਿਆ। ਵਧੀ ਵਿਹਲ ਤੇ ਵਧੇ ਆਰਾਮ ਵਿਚ ਏਸ ਨੇ ਚਿਤ੍ਰ ਉਕਰੇ,

ਲਫ਼ਜ਼ਾਂ ਦੇ ਸ਼ੋਰ ਨੂੰ ਸੰਗੀਤ ਬਣਾ ਲਿਆ। ਇਹਦੇ ਚਿਹਰੇ ਦੇ ਨਕਸ਼ ਬਦਲਦੇ ਗਏ। ਇਹਦਾ ਮਨ ਵੀ ਕੋਮਲ ਹੁੰਦਾ ਗਿਆ। ਏਸ ਨੇ ਆਪਣੇ ਲਈ ਹੀ ਨਹੀਂ, ਦੂਜਿਆਂ ਲਈ ਜੀਊਣ ਵਿਚ ਅਨੋਖੀ ਤਰ੍ਹਾਂ ਦੀ ਖੁਸ਼ੀ ਲੱਭੀ। ਏਸ ਖੁਸ਼ੀ ਵਿਚ ਏਸ ਨੇ ਸਾਹਿਤ ਲਿਖਿਆ, ਕਵਿਤਾ ਰਚੀ, ਆਪਣੇ ਆਲੇ-ਦੁਆਲੇ ਦੀ ਕੁਦਰਤ ਨੂੰ ਸੁਹਣੇਰਾ ਬਣਾਇਆ।"

ਗੁਰਬਖਸ਼ ਸਿੰਘ ਪ੍ਰਸੰਸਾ ਕਲਾ ਵਿਚ ਬੜਾ ਮਾਹਰ ਸੀ ਪ੍ਰਸੰਸਾ ਦੇ ਮਹੱਤਵ ਨੂੰ ਸਮਝਦਾ ਸੀ। ਸੁੰਦਰ ਸੁਖਾਵੀਂ ਜ਼ਿੰਦਗੀ ਦੇ ਰਾਜ਼ ਵਿਚ ਵਿਚ ਉਹ ਰੋਜ਼ਨਾ ਜ਼ਿੰਦਗੀ ਵਿਚ ਵੀ ਸੰਗੀਤ ਦ ਅਭਿਆਸ ਵਲ ਉਚੇਚਾ ਧਿਆਨ ਦਿਵਾਉਂਦਾ ਹੈ:

ਸੱਚੀ ਤੇ ਸਮੇਂ ਸਿਰ ਕੀਤੀ ਪ੍ਰਸੰਸਾ ਸੁੱਤੀਆਂ ਕਲਾ ਜਗਾਂਦੀ ਹੈ, ਪ੍ਰਸੰਸਾ ਦੇ ਹੁਨਰ ਵਿਚ ਦੂਹਰਾ ਤਲਿਸਮ ਹੈ, ਇਹ ਦੇਣ ਤੇ ਲੈਣ ਵ ਲਿਆਂ ਦੋਹਾਂ ਧਿਰਾਂ ਨੂੰ ਅਨੋਖਾ ਸੁਖ ਦੇਂਦਾ ਹੈ। ਚੋਥਾ ਭਾਗ, ਚੌੜਾ ਗਿਆਨ ਤੇ ਰਸਿਕ ਸੁਭਾਅ ਹੈ। ਇਹਨਾਂ ਦੋਹਾਂ ਪ੍ਰਾਪਤੀਆਂ ਲਈ ਚੰਗੀ ਸੰਗਤ ਤੇ ਚੰਗੀ ਪੜ੍ਹਾਈ ਦੀ ਲੋੜ ਹੈ ਆਪਣਾ ਸਮਾਂ ਬੜੀ ਚੰਗੀ ਤਰ੍ਹਾਂ ਵਰਤਿਆ ਜਾਵੇ। ਸਵੇਰੇ ਉਠਣ ਦੀ ਆਦਤ ਸਮੇਂ ਦਾ ਇਕ ਖਜ਼ਾਨਾ ਸਾਨੂੰ ਬਖਸ਼ ਦਿੰਦੀ ਹੈ। ਇਕ ਘੰਟਾ ਸਵੇਰੇ ਉਠਿਆਂ ਮਹੀਨੇ ਵਿਚ ਪੰਜ ਦਿਨਾਂ ਦਾ ਵਾਧੂ ਕੰਮ ਅਸੀਂ ਕਰ ਸਕਦੇ ਹਾਂ। ਪੜ੍ਹਿਆ ਜਾਏ, ਵਿਚਾਰਿਆ ਜਾਏ, ਚਿੱਤਰਾਂ, ਸੰਗੀਤ ਤੇ ਫੁੱਲਾਂ ਦਾ ਸ਼ੌਕ ਵਧਾਇਆ ਜਾਏ, ਹਰ ਮਹੀਨੇ ਘਟ ਤੋਂ ਘਟ ਇਕ ਚੰਗੀ ਨਵੀਂ ਕਿਤਾਬ ਪੜ੍ਹੀ ਜਾਏ। ਜਦੋਂ ਸਮਾਂ ਮਿਲੇ ਆਪਣੇ ਦੇਸ ਦੀਆਂ ਇਤਿਹਾਸਕ ਥਾਵਾਂ ਵੇਖੀਆਂ ਤੇ ਉਹਨਾਂ ਦੀ ਕਹਾਣੀ ਪੜ੍ਹ ਕੇ ਉਹਨਾਂ ਦੇ ਸਮੇਂ ਨਾਲ ਆਪਣੇ ਕਿਆਸ ਵਿਚ ਜੀਵਿਆ ਜਾਵੇ।"

ਸਹਿਜ ਸੁਭਾਉ ਅਤੇ ਆਪਣੀ ਪ੍ਰੀਤ ਫਲਾਸਫੇ ਵਿਚ ਵੀ ਗੁਰਬਖਸ਼ ਸਿੰਘ ਨੇ "ਸੰਗੀਤ ਸਿਖਿਆ" ਨੂੰ ਜ਼ਰੂਰੀ ਸਮਝਿਆ ਹੈ। "ਏਸ ਹੁਨਰ ਨੂੰ ਸੰਭਵ ਬਨਉਣ ਲਈ, ਲਿੰਗ-ਸਬੰਧਾਂ ਦਾ ਡੂੰਘਾ ਸਭਿਆਚਾਰ ਲੋੜੀਂਦਾ ਹੈ – ਪੱਛਮੀ ਇਸਤ੍ਰੀਅਤ ਦੀ ਮਾਸੂਸੀਅਤ ਤੇ ਸੁਹਾਗ-ਰਾਤ ਦੀ ਜਬਰਦਸਤੀ ਤੇ ਵਿਆਹ ਦੀ ਦਦਮਸਤੀ ਨਾਲੋਂ ਇਹ ਬਿਲਕੁਲ ਕੋਈ ਵੱਖਰੀ ਗੱਲ ਹੈ। ਸਹਿਜ ਦਾ ਅਰਥ ਸਮਝਣ ਤੇ ਪਿਆਰ ਦੀ ਜਾਚ ਸਿਖਣ ਲਈ ਜੇ ਸ਼ਖਸ਼ੀ ਨਹੀਂ, ਤਾਂ ਨਸਲੀ ਸਿਖਿਆ ਦਰਕਾਰ ਹੈ, ਜਿਵੇਂ ਨਾਚ, ਸੰਗੀਤ ਤੇ ਸਿਹਤ ਲਈ—ਲਿੰਗ ਸੰਜੋਗ ਏਨਾ ਸ਼ਾਜੋਨਾਦਰ ਤੇ ਉਕਸਾਹਟ ਦੇਣ ਵਾਲਾ ਨਾ ਹੋਵੇ ਕਿ ਮਨੁਖ ਉਹਦੇ ਲਈ ਝੱਲਾ ਹੀ ਹੋ ਜਾਏ।"

ਇਵੇਂ ਹੀ ਇਕ ਜਗਾਹ ਤੇ ਉਸ ਨੇ ਪਿਆਰ ਦੀ ਪਰਿਭਾਸ਼ਾ ਇਸ ਤਰ੍ਹਾਂ ਲਿਖੀ ਹੈ:

"ਮਨੁਖੀ ਦਿਲ ਇਕ ਬਾਂਸੁਰੀ ਹੈ, ਜਿਸ ਪਿਆਰ ਦੀ ਫੂਕ ਕੋਈ ਮਾਰਦਾ ਹੈ, ਉਸੇ ਪਿਆਰ ਦੀ ਸੁਰ ਸੁਣ ਲੈਂਦਾ ਹੈ।" ਇਸ ਤੋਂ ਸੁੰਦਰ ਸ਼ਬਦਾਂ ਵਿਚ ਪਿਆਰ ਦੀ ਪਰਿਭਾਸ਼ਾ ਕੀ ਹੋ ਸਕਦੀ ਹੈ? ਰਾਗ (ਸੰਗੀਤ) ਪਿਆਰ ਦਾ ਪ੍ਰਤੀਕ ਹੈ, ਇਸੇ ਲਈ ਇਸ ਨੂੰ ਸੰਗੀਤਕ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਗੁਰਬਖਸ਼ ਸਿੰਘ ਦੀਆਂ ਲਿਖਤਾਂ ਤੋਂ ਇਹ ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਉਸ ਪਸੰਦ - ਧਾਰਮਿਕ ਸੰਗੀਤ (ਸ਼ਬਦ) ਸ਼ਾਸਤਰੀ ਸੰਗੀਤ, ਲੋਕ ਸੰਗੀਤ ਜਾਂ ਅਗਾਂਹਵਧੂ ਵਿਚਾਰਧਾਰਾ ਦੇ ਗੀਤ ਸਨ, ਫਿਲਮੀ ਗੀਤਾਂ ਦੀ ਨਾ-ਪਸੰਦਗੀ ਅਤੇ ਸ਼ਬਦ (ਕੀਰਤਨ ਸੰਗੀਤ) ਦੀ ਪਸੰਦਗੀ ਬਾਰ ਵੀ ਉਸ ਨੇ ਲਿਖਿਆ ਹੈ :

"ਔਰਤ ਲਈ ਮੇਰਾ ਸਤਿਕਾਰ ਹੈ, ਸੰਗੀਤ ਲਈ ਪਿਆਰ ਹੈ। ਮੈਂ ਚੰਗਾ ਸੰਗੀਤ ਤੇ ਸ਼ਬਦ ਕੀਰਤਨ ਲਗਭਗ ਰੋਜ਼ ਸੁਣਦਾ ਹਾਂ। ਫਿਲਮੀ ਗੀਤ ਆਮ ਤੌਰ ਤੇ ਬੜੀ ਚੰਚਲਤਾ ਤੇ ਸ਼ੋਖੀ ਨਾਲ ਗਾਏ ਹੁੰਦੇ ਹਨ, ਉਹਨਾਂ ਲਈ ਮੈਂ ਵਕਤ ਨਹੀਂ ਕੱਢਦਾ।"

ਕਿਸੇ ਪਾਠਕ ਨੇ ਸਵਾਲ ਕੀਤਾ ਕਿ ਜ਼ਿੰਦਗੀ ਕਿਸ ਤਰ੍ਹਾਂ ਸਫਲ ਹੋ ਸਕਦੀ ਹੈ ? ਤਦ ਵੀ ਗੁਰਬਖਸ਼ ਸਿੰਘ ਨੇ 'ਸਾਹਿਤ' ਦੇ ਨਾਲ-ਨਾਲ 'ਸੰਗੀਤ ਕਲਾ' ਦਾ ਸ਼ੌਕ ਪੈਦਾ ਕਰਨ ਬਾਰੇ ਕਿਹਾ :

"ਸਿਹਤ ਬ-ਨੁਕਸ ਰੱਖ ਕੇ, ਗੁਜ਼ਾਰੇ ਲਈ ਲੋੜੀਂਦੇ ਰੋਜ਼ਗਾਰ ਲਈ ਹੁਨਰ ਪ੍ਰਾਪਤ ਕਰਕੇ, ਆਪਣੇ ਪਰਵਾਰ ਤੇ ਆਪਣੀ ਛੋਹ ਵਿਚ ਆਉਣ ਵਾਲੇ ਲੋਕਾਂ ਨਾਲ ਰਿਸ਼ਤਾ ਸੁਖਾਵਾਂ ਬਣਾ ਕੇ ਤੇ ਸਾਹਿਤ, ਸੰਗੀਤ ਜਾਂ ਹੋਰ ਕਿਸੇ ਕੋਮਲ ਹੁਨਰ ਤੇ ਸ਼ੁਗਲ ਲਈ ਸ਼ੌਕ ਪੈਦਾ ਕਰਕੇ ਮਨੁਖ ਸਫਲਤਾ ਅਨੁਭਵ ਕਰ ਸਕਦਾ ਹੈ।"

"ਹੁਨਰ ਤੇ ਅਕਲ ਹੀ ਇਹਨਾਂ ਤੰਦਾਂ ਵਿਚੋਂ ਸੰਪੂਰਨਤਾ ਉਣ ਸਕਦੇ ਹਨ। ਕਲਾ, ਰਾਗ, ਹੁਸਨ, ਨੇਕੀ ਤੇ ਪਿਆਰ ਦੀ ਕੋਈ ਨੀਯਤ ਸਿਖਰ ਨਹੀਂ। ਆਉਣ ਵਾਲੀ ਦੁਨੀਆਂ ਵਿਚ ਚੀਜ਼ਾਂ ਦੀ ਪ੍ਰਾਪਤੀ ਤੋਂ ਨਿਸਚਿੰਤ ਹੋਇਆ ਮਨੁਖ ਉਪਰਲੀਆਂ ਸਿਖਰਾਂ ਲਈ ਹੀ ਤਾਂਘੇਗਾ ਤੇ ਜਿਹਨਾਂ ਨੂੰ ਇਹਨਾਂ ਸਿਖਰਾਂ ਕਲਾ, ਰਾਗ, ਹੁਸਨ, ਨੇਕੀ ਅਤੇ ਪਿਆਰ ਦਾ ਕੁਝ ਵੀ ਤਜਰਬਾ ਹੈ, ਉਹ ਜਾਣਦੇ ਹਨ ਕਿ ਏਸ ਭੁਖ ਦੀ ਕੋਈ ਤ੍ਰਿਪਤੀ ਨਹੀਂ, ਸਿਰਫ ਏਸ ਭੁੱਖ ਦੀ ਤ੍ਰਿਪਤੀ ਦੇ ਦੂਜੇ ਜਤਨਾਂ ਵਿਚ ਦੂਜਿਆਂ ਦੇ ਪੈਰ ਮਿੱਧਣ ਦੀ ਕਾਹਲ ਨਹੀਂ ਹੁੰਦੀ, ਨਾ ਈਰਖਾ, ਨਾ ਮੁਕਾਬਲਾ, ਨਾ ਦੂਜੇ ਨੂੰ ਪਿਛਾਂਹ ਛੱਡ ਜਾਣ ਦੀ ਹਫੜਾ-ਦਫੜੀ ਹੁੰਦੀ ਹੈ।

ਜਦੋਂ ਗੁਰਬਖਸ਼ ਸਿੰਘ ਬੀਮਾਰ ਹੋਏ, ਤਦ ਹਸਪਤਾਲ ਵਿਚ ਉਹਨਾਂ ਦੀ ਰੋਜ਼ਾਨਾ ਜ਼ਿੰਦਗੀ ਬਾਰੇ ਨਵਤੇਜ ਸਿੰਘ ਨੇ ਲਿਖਿਆ :

ਫੇਰ ਉਹਨਾਂ ਨੇ ਸੰਗੀਤ ਸੁਣਨਾ ਚਾਹਿਆ। ਕੁਝ ਸੰਗੀਤਕਾਰ ਵਾਰੋ-ਵਾਰ ਉਹਨਾਂ ਨੂੰ ਸੰਗੀਤ ਸੁਣਾ ਜਾਂਦੇ। ਹਰ ਗੀਤ ਪਿਛੋਂ ਉਹ ਸੰਗੀਤਕਾਰ ਦਾ ਹੱਥ ਘੁੱਟਦੇ। ਮੈਨੂੰ ਸਦਾ ਚੇਤੇ ਰਹਿਗਾ ਕਿਸ ਅਨੋਖੇ ਸਰਬ-ਸਰੀਰੀ ਹੁੰਗਾਰੇ ਨਾਲ ਉਹਨਾਂ ਪ੍ਰੋ. ਜਾਗੀਰ ਸਿੰਘ ਤੋਂ 'ਮੇਰੀ ਰੁਝ ਝੁਣ ਲਾਇਆ' ਵਾਲਾ ਸ਼ਬਦ ਸੁਣਿਆ ਸੀ।

ਸ: ਗੁਰਬਖਸ਼ ਸਿੰਘ 'ਕੀਰਤਨ' (ਸੰਗੀਤ) ਦੇ ਚੰਗੇ ਸਰੋਤਾ ਸਨ ਅਤੇ ਕੀਰਤਨ ਦਰਬਾਰਾਂ ਨੂੰ ਸੁਣਦੇ ਸਨ। ਉਹਨਾਂ ਨੇ ਅੰਤਿਮ ਸਮੇਂ ਵੀ ਆਪਣੀ ਪਸੰਦ ਦੇ ਤਿੰਨ ਸ਼ਬਦ ਸੁਣਨ ਦੀ ਇੱਛਾ ਪ੍ਰਗਟ ਕੀਤੀ ਸੀ।

ਆਪਣੀ ਵਸੀਅਤ ਵਿਚ ਵੀ ਉਹਨਾਂ ਕਿਹਾ, 'ਮੇਰੇ ਮਰਨੇ ਉਤੇ ਕੋਈ ਧਾਰਮਿਕ ਰਸਮ ਨਾ ਕੀਤੀ ਜਾਵ। ਇਕ ਸ਼ਰਧਾਂਜਲੀ ਸਮਾਗਮ ਮਨਾ ਲਿਆ ਜਾਵੇ ਜਿਸ ਦੇ ਵਿਚ ਜਿਸ ਤਰ੍ਹਾਂ ਮਾਤਾ ਜੀ ਦੇ ਸਮਾਗਮ ਉਤੇ ਤਿੰਨ ਸ਼ਬਦਾਂ ਦਾ ਕੀਰਤਨ ਕੀਤਾ ਗਿਆ ਸੀ, ਉਸ ਤਰ੍ਹਾਂ ਕਰ ਲਿਆ ਜਾਏ ਤੇ ਮੇਰੇ ਸਨੇਹੀ ਜੋ ਮੈਨੂੰ ਕਹਿਣਾ ਚਾਹੁੰਣ ਕਹਿ ਲੈਣ।"

ਸੰਗੀਤ ਕਿਹੋ ਜਿਹਾ ਹੋਵੇ ? ਇਸ ਸਬੰਧ ਵਿਚ ਗੁਰਬਖਸ਼ ਸਿੰਘ ਦੀ ਜੋ ਧਾਰਨਾ ਸੀ ਉਹ ਸੰਗੀਤ ਦੇ ਵਿਗਿਆਨਕ ਨਿਯਮਾਂ ਅਨੁਸਾਰ ਬਿਲਕੁਲ ਠੀਕ ਸੀ।

ਦਾਰ ਜੀ ਦੀ ਯਾਦ ਸਮਾਗਮ ਬਾਰੇ ਨਵਤੇਜ ਸਿੰਘ ਨੇ ਲਿਖਿਆ ਕਿ "ਦਾਰ ਜੀ ਦੇ ਘਰ ਤੋਂ ਕੁਝ ਵਿੱਥ ਉਤੇ ਵਿਸ਼ਾਲ ਪੰਡਾਲ ਸੀ। ਬਾਅਦ ਦੁਪਹਿਰ ਉਥੇ ਸਾਰੇ ਦਰਸ਼ਕ ਜੁੜ ਬੈਠੇ। ਸਟੇਜ ਦੇ ਪਿਛੇ ਗੁਲਾਬੀ ਫੁੱਲਾਂ ਨਾਲ ਚਿਤ੍ਰਿਆ ਸੀ : 'ਦਾਰ ਜੀ'। ਸਟੇਜ ਉਤੇ ਉਹਨਾਂ ਦੀ ਤਸਵੀਰ ਤੇ ਫੁੱਲ ਸਨ। ਜਿਹੜੇ ਤਿੰਨ ਸ਼ਬਦ (1. ਮੇਰਾ ਮਨ ਲੋਚ ਗੁਰ ਦਰਸ਼ਨ ਤਾਈਂ 2. ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ 3. ਮੇਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ) ਪ੍ਰੋ. ਜਾਗੀਰ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਗਾਇਨ ਕੀਤਾ।

ਉਪਰੋਕਤ ਹਵਾਲਿਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰਬਖਸ਼ ਸਿੰਘ ਨੂੰ ਸੰਗੀਤ ਕਲਾ ਨਾਲ ਪੂਰਾ ਲਗਾਵ ਸੀ, ਉਸ ਨੂੰ ਸੰਗੀਤ ਦੀ ਸੋਝੀ ਸੀ, ਉਹ ਸੰਗੀਤ ਦਾ ਰਸਿਕ ਤੇ ਪ੍ਰਸ਼ੰਸਕ ਵੀ ਸੀ।

ਫੋਨ : 492015

੧ਓ ਵਾਹਿਗੁਰੂ ਜੀ ਕੀ ਫਤਹਿ ॥

ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਦੇ ਚਰਨ ਸੇਵਕ

# ਭਾਈ ਦਵਿੰਦਰ ਸਿੰਘ ਸੋਢੀ

## ਲੁਧਿਆਣੇ ਵਾਲਿਆਂ ਦੀਆਂ ਗਾਇਨ ਕੀਤੀਆਂ ਕੈਸਟਾਂ

| | | | |
|---|---|---|---|
| 1 | ਮੇਰੀ ਪ੍ਰੀਤ ਗੋਬਿੰਦ ਸਿਉ | T. Series | 01-173 |
| 2. | ਵਧਾਈਆਂ ਭਾਗ-1 | Peritone | X X |
| 3 | ਵਧਾਈਆਂ ਭਾਗ-2 | Peritone | X X |
| 4. | ਮਨਿ ਵਜੀਆਂ ਵਧਾਈਆਂ | V.M.V. | 1097 |
| 5. | ਵਿਣ ਬੋਲਿਆਂ ਸਭ ਕੁਝ ਜਾਣਦਾ | Peritone | |
| 6. | ਹਉ ਕੁਰਬਾਨੈ ਜਾਉ | Peritone | |
| 7. | ਅਬ ਕਿਛ ਕ੍ਰਿਪਾ ਕੀਜੈ | T.M.C. | 2022 |
| 8. | ਆਪਸ ਕਉ ਜੋ ਭਲਾ ਕਹਾਵੈ | T.M.C. | 2009 |
| 9. | ਰਾਮੁ ਨਾਮੁ ਜਪਿ | S.S.G. | 1348 |
| 10. | ਰਾਜਨ ਕਉਨ ਤੁਮਾਰੈ ਆਵੈ | V.M.V. | 1092 |
| 11. | ਸੰਤਾਂ ਕੇ ਕਾਰਜਿ ਆਪ ਖਲੋਇਆ | A.M.V. | 2202 |
| 12. | ਦਰਸ਼ਨ ਪਿਆਸ ਵਿਆਖਿਆ ਸਾਹਿਤ | S.S.B. | 1352 |
| 13. | ਨਾਨਕ ਦੁਖੀਆ ਸਭ ਸੰਸਾਰ | T.M.C. | 2002 |
| 14 | ਦੁੱਖ ਦੀਆਂ ਪੰਡਾਂ ਖੁਲੀਆਂ | T.M.C. | 2012 |
| 15. | ਕਿਆ ਮੁੱਖ ਲੈ ਕੈ ਜਾਹਿਗਾ | T. Series | 01--168 |
| 16 | ਪ੍ਰਭ ਜੂ ਤੋ ਕੈ ਲਾਜ ਹਮਾਰੀ | S.S.G. | 1307 |
| 17. | ਤੇਗ ਬਹਾਦੁਰ ਕੇ ਚਲਤ | P.R.C. | 003 |
| 18. | ਪ੍ਰਭ ਮੋਹਿ ਕਬ ਗਲਿ ਲਾਵਹਿਗੇ | Peiiton | 1604 |
| 19. | ਹਰਿ ਮਿਲਣੈ ਕੋ ਮਨ ਲੋਚਦਾ | T.M.C. | 2003 |
| 20. | ਕਹਿ ਰਵਿਦਾਸ | M.V.I. | 1232 |
| 21. | ਬਾਬਾ ਨੰਦ ਸਿੰਘ ਜੀ ਤੇਰੀ ਜੈ ਹੋਵੇ | R M C. | 5001 |
| 22. | ਜਪੁਜੀ ਸਾਹਿਬ/ਰਹਿਰਾਸ ਸਾਹਿਬ | T.M.C. | 2004 |
| 23. | ਰਾਜ ਨਾ ਚਾਹਉਥਾ | Interlok | 1220 |
| 24. | ਬਾਣੀ ਭਗਤ ਕਬੀਰ ਜੀਉ | Interlok | 500 |
| 25. | ਬਾਨੀ ਬਾਬਾ ਸ਼ੇਖ ਫਰੀਦ ਜੀ | Interlok | 1180 |

ਕੀਰਤਨ ਨਿਵਾਸ, ਕੋਠੀ ਨੰ: 1319, ਫੇਸ-1,
ਅਰਬਨ ਅਸਟੇਟ, ਦੁਗਰੀ ਰੋਡ, ਲੁਧਿਆਣਾ-141002.

ਬਰਸੀ ਤੇ ਵਿਸ਼ੇਸ਼ 25-3-94 ਨੂੰ

# ਭਾਈ ਭਗਤ ਸਿੰਘ ਜੀ ਰਾਗੀ

—ਕੁਲਦੀਪ ਸਿੰਘ ਹਉਰਾ,
162, ਹਾਊਸਿੰਗ ਬੋਰਡ ਕਲੋਨੀ,
ਅੰਮ੍ਰਿਤਸਰ।

ਭਾਈ ਭਗਤ ਸਿੰਘ ਦਾ ਜਨਮ 1885 ਪਿੰਡ ਭਾਈ ਕੇ, ਤਹਿਸੀਲ ਮੰਡੀ ਬਹਾਉ-ਦੀਨ ਜ਼ਿਲਾ ਗੁਜਰਾਤ (ਹੁਣ ਪਾਕਿਸਤਾਨ) ਵਿਚ ਪਿਤਾ ਭਾਈ ਤਾਰਾ ਸਿੰਘ ਦੇ ਘਰ ਹੋਇਆ ਉਸ ਦਾ ਵੱਡਾ ਭਰਾ ਭਾਈ ਜਗਤ ਸਿੰਘ ਇਲਾਕੇ ਵਿਚ ਕਾਰੋਬਾਰ ਕਰਦਾ ਸੀ, ਪਰ ਭਾਈ ਭਗਤ ਸਿੰਘ ਦੀ ਰੁਚੀ ਮੁਢੋਂ ਹੀ ਧਰਮ-ਕਰਮ ਵਲ ਸੀ। ਇਸ ਖਾਨਦਾਨ ਗੁਰੂ ਅਰਜਨ ਸਾਹਿਬ ਦੇ ਸਮੇਂ ਹੋਏ ਪ੍ਰਸਿਧ ਸਿੱਖ ਭਾਈ ਬੰਨੋ ਜੀ ਦੀ ਅੰਸ਼ ਹੋਣ ਕਰਕੇ ਬੰਨੋ-ਆਣੇ" ਜਾਂ "ਭਾਈ ਆਣੇ" ਕਰਕੇ ਪ੍ਰਸਿੱਧ ਸੀ। ਭਾਈ ਭਗਤ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦੇ ਗੁਰਦੁਵਾਰੇ ਵਿਚੋਂ ਹੀ ਪ੍ਰਾਪਤ ਕੀਤੀ। ਤੇਰਾ ਸਾਲਾਂ ਦੀ ਉਮਰੇ 1898 ਵਿਚ ਭਾਈ ਭਗਤ ਸਿੰਘ ਗੁਜਰਾਂਵਾਲਾ ਆ ਗਿਆ ਤੇ ਸਿਖਿਆ ਪ੍ਰਾਪਤ ਕਰਨ ਲਈ "ਟੂਟੀਆਂ ਵਾਲੇ ਖੂਹ" ਦੇ ਗੁਰਦੁਆਰੇ ਮਹੰਤ ਗਿਆਨ ਸਿੰਘ ਜੀ ਪਾਸ ਰਹਿਣ ਲੱਗਾ। ਗੁਰਦੁਆਰੇ ਦਾ ਨਾਂ "ਟੂਟੀਆਂ ਵਾਲਾ ਖੂਹ" ਇਸ ਕਰਕੇ ਪ੍ਰਸਿੱਧ ਹੋ ਗਿਆ ਕਿ ਗੁਰਦੁਆਰੇ ਦੇ ਖੂਹ ਨਾਲ ਬਾਹਰ ਵਾਲੇ ਪਾਸੇ ਬਜ਼ਾਰ ਵਿਚ ਟੂਟੀਆਂ ਲੱਗੀਆਂ ਹੋਈਆਂ ਸਨ, ਜਿਥੋਂ ਲੋਕ ਇਸ਼ਨਾਨ ਕਰਦੇ ਤੇ ਹੋਰ ਲੋੜਾਂ ਲਈ ਪਾਣੀ ਦੀ ਵਰਤੋਂ ਕਰਦੇ ਸਨ।

ਮਹੰਤ ਗਿਆਨ ਸਿੰਘ ਜੀ ਬਹੁਤ ਵਿਦਵਾਨ ਸਨ ਤੇ ਉਨ੍ਹਾਂ ਪਾਸ ਬਹੁਤ ਗਰੰਥ ਸਨ, ਜਿਨ੍ਹਾਂ ਵਿਚ ਗੁਰਬਾਣੀ ਦੀਆਂ ਪੋਥੀਆਂ, ਜਨਮ ਸਾਖੀਆਂ ਤੇ ਹਿਕਮਤ ਨਾਲ ਸਬੰਧਤ ਪੁਸਤਕਾਂ ਸਨ। ਉਦੋਂ ਅਜੇ ਪ੍ਰੈਸ ਦਾ ਰਿਵਾਜ ਚਾਲੂ ਨਹੀਂ ਸੀ ਹੋਇਆ ਤੇ ਪੁਸਤਕਾਂ ਹੱਥੀ ਹੀ ਲਿਖੀਆਂ ਜਾਂਦੀਆਂ ਸਨ। ਭਾਈ ਭਗਤ ਸਿੰਘ ਮਹੰਤ ਗਿਆਨ ਸਿੰਘ ਜੀ ਦੇ ਸ਼ਿਸ਼ ਬਣ ਗਏ ਤੇ ਉਨਾਂ ਪਾਸ ਹੀ ਰਹਿਣ ਲੱਗੇ। ਗੁਰਦੁਵਾਰੇ ਦੀ ਸੇਵਾ ਵਿਚ ਮਹੰਤ ਸਾਹਿਬ ਦਾ ਹੱਥ ਵਟਾਉਂਦੇ ਤੇ ਮਹੰਤ ਜੀ ਦੀ ਜਾਤੀ ਸੇਵਾ ਵੀ ਕਰਦੇ! ਭਾਈ ਭਗਤ ਸਿੰਘ ਠਰ੍ਹੰਮੇ ਵਾਲੇ ਸੁਭਾਅ ਤੋਂ ਮਹੰਤ ਗਿਆਨ ਸਿੰਘ ਜੀ ਬਹੁਤ ਪ੍ਰਸੰਨ ਸਨ ਤੇ ਉਹ ਭਾਈ ਭਗਤ ਸਿੰਘ ਨੂੰ ਬੜੇ ਪਿਆਰ ਨਾਲ ਗੁਰਬਾਣੀ ਕੰਠ ਕਰਾਉਂਦੇ, ਹਰਮੋਨੀਆਂ ਸਿਖਾਉਂਦੇ ਤੇ ਹੱਥ-ਲਿਖਤ ਗੁਟਕੇ ਤੇ ਪੋਥੀਆਂ ਵੀ ਲਿਖਵਾਉਂਦੇ ਰਹਿੰਦੇ। ਹੌਲੀ-ਹੌਲੀ ਭਾਈ ਭਗਤ ਸਿੰਘ ਜੀ ਵਾਜੇ ਨਾਲ ਸ਼ਬਦ ਪੜਨ ਲੱਗੇ ਤੇ ਅਖੰਡ ਪਾਠ ਵੀ ਕਰਨ ਲੱਗ ਪਏ। ਮਹੰਤ ਸਾਹਿਬ

ਬੜੇ ਪਿਆਰ ਨਾਲ ਕੋਲ ਬੈਠਾਕੇ ਭਾਈ ਭਗਤ ਸਿੰਘ ਨੂੰ ਸ਼ੁੱਧ ਪਾਠ ਕਰਾਉਂਦੇ ਤੇ ਲਗਾਂ ਮਾਤਰਾਂ ਦਾ ਭੇਦ ਦੱਸਦੇ ਰਹਿੰਦੇ। ਮਹੰਤ ਸਾਹਿਬ ਦੀ ਦੇਖ-ਰੇਖ ਵਿਚ ਹੀ ਭਾਈ ਭਗਤ ਸਿੰਘ ਨੇ ਜਨਮ-ਸਾਖੀ ਤੇ ਹੋਰ ਧਾਰਮਿਕ ਪੁਸਤਕਾਂ ਦਾ ਅਧਿਐਨ ਵੀ ਕੀਤਾ। ਹਰਮੋਨੀਅਮ ਨਾਲ ਸ਼ਬਦ ਪੜ੍ਹਨੇ ਤੇ ਸੁੰਦਰ ਲਿਖਤ ਵਿਚ ਗੁੱਟਕੇ ਲਿਖਣੇ, ਭਾਈ ਭਗਤ ਸਿੰਘ ਦਾ ਵੱਡਾ ਸ਼ੌਕ ਸੀ। ਮਹੰਤ ਸਾਹਿਬ ਭਾਈ ਭਗਤ ਸਿੰਘ ਨੂੰ ਇਤਨਾਂ ਪਿਆਰ ਕਰਦੇ, ਕਿ ਉਹ ਆਪਣੇ ਪਿੰਡ ਜਾ ਕੇ ਮਾਤਾ-ਪਿਤਾ ਨੂੰ ਮਿਲਣ ਦੇ ਘੱਟ ਹੀ ਚਾਹਵਾਨ ਹੁੰਦੇ। ਮਹੰਤ ਗਿਆਨ ਸਿੰਘ ਜੀ ਭਾਈ ਭਗਤ ਸਿੰਘ ਦਾ ਪਾਲਣ-ਪੋਸ਼ਣ ਆਪਣੇ ਬੱਚੇ ਵਾਂਗ ਕਰ ਰਹੇ ਸਨ।

ਭਾਈ ਭਗਤ ਸਿੰਘ ਆਪਣੇ ਮਿਲਾਪੜੇ ਸੁਭਾਅ ਸੇਵਾ ਭਾਵਨਾ ਤੇ ਗੁਰਬਾਣੀ-ਗਾਇਨ ਕਰਕੇ ਗੁਜਰਾਂਵਾਲਾ ਦੇ ਧਾਰਮਿਕ ਹਲਕਿਆਂ ਵਿਚ ਛੇਤੀ ਹੀ ਜਾਣੇ ਲੱਗ ਪਏ। ਮਹੰਤ ਗਿਆਨ ਸਿੰਘ ਜੀ ਦੇ ਸੁਝਾਅ ਤੇ ਪ੍ਰੇਰਨਾ ਤੇ ਉਹ ਭਾਈ ਸ਼ੇਰ ਸਿੰਘ ਤਾਨ ਪਾਸੋਂ ਲੈ-ਸੁਰ-ਤਾਲ ਨਾਲ ਬਕਾਇਦਾ ਕੀਰਤਨ ਦੀ ਸਿਖਲਾਈ ਲੈਣ ਲਗ ਪਏ।

ਭਾਈ ਭਗਤ ਸਿੰਘ ਜੀ ਦੀ ਸ਼ਾਦੀ 1900 ਵਿਚ ਜ਼ਿਲਾ ਗੁਜਰਾਤ ਦੇ ਪ੍ਰਸਿੱਧ ਪਿੰਡ ਡਿੰਗਾ ਦੇ ਭਾਈ ਸੰਤ ਸਿੰਘ ਦੀ ਪੁਤਰੀ ਬੀਬੀ ਤੇਜ ਕੌਰ ਨਾਲ ਹੋ ਚੁਕੀ ਸੀ ਤੇ ਭਾਈ ਸਾਹਿਬ ਪਰਿਵਾਰਕ ਜੀਵਨ ਗੁਜਰਾਂਵਾਲਾ ਵਿਚ ਹੀ ਬਿਤਾ ਰਹੇ ਸਨ। ਭਾਈ ਭਗਤ ਸਿੰਘ ਜੀ ਦਾ ਸੁਭਾਅ ਮਿਹਨਤੀ ਹੋਣ ਕਰਕੇ, ਜੋ ਕੁਝ ਵੀ ਆਪਣੇ ਉਸਤਾਦ ਭਾਈ ਸ਼ੇਰ ਸਿੰਘ ਜੀ ਰਾਗੀ ਪਾਸੋਂ ਸਿੱਖਦੇ, ਉਸਦਾ ਰਿਆਜ਼ ਕਰਨ ਵਿਚ ਬਹੁਤਾ ਸਮਾਂ ਖਰਚ ਕਰਦੇ। ਫਲਸਰੂਪ ਉਹ ਛੇਤੀ ਚੰਗੇ ਰਾਗੀ ਬਣ ਗਏ। ਭਾਈ ਭਗਤ ਸਿੰਘ ਜਿਸ ਤਰ੍ਹਾਂ ਮਹੰਤ ਗਿਆਨ ਸਿੰਘ ਜੀ ਦੀ ਸੇਵਾ ਕਰਦੇ ਸਨ, ਉਸੇ ਤਰ੍ਹਾਂ ਭਾਈ ਸ਼ੇਰ ਸਿੰਘ ਜੀ 'ਤਾਨ' ਦੀ ਸੇਵਾ ਵੀ ਕਰਨ ਲਗੇ। ਭਾਈ ਸ਼ੇਰ ਸਿੰਘ ਜੀ ਨੇ ਮਿਹਨਤੀ ਸੁਭਾਅ ਤੇ ਸੇਵਾ ਭਾਵਨਾ ਨੂੰ ਵੇਖ ਕੇ, ਭਾਈ ਭਗਤ ਸਿੰਘ ਨੂੰ ਵੀ ਆਪਣੇ ਨਾਲ ਹੀ ਰਾਗੀ ਜਥੇ ਵਿਚ ਸ਼ਾਮਲ ਕਰ ਲਿਆ। ਭਾਈ ਸ਼ੇਰ ਸਿੰਘ ਜੀ ਆਪ "ਤਾਨਪੁਰਾ" ਵਜਾਇਆ ਕਰਦੇ ਸਨ, ਇਸੇ ਲਈ ਉਹਨਾਂ ਦਾ ਨਾਂ ਹੀ ਭਾਈ ਸ਼ੇਰ ਸਿੰਘ 'ਤਾਨ' ਪ੍ਰਸਿੱਧ ਹੋ ਗਿਆ ਸੀ। ਓਹ ਆਰੋਹੀ ਤੇ ਅਵਰੋਹੀ ਤਾਨਾਂ ਦੇ ਬੜੇ ਮਾਹਿਰ ਸਨ। ਉਹਨਾਂ ਦੇ ਨਾਲ ਪਹਿਲੋਂ ਵਾਜੇ ਤੇ ਭਾਈ ਹੀਰਾ ਸਿੰਘ ਹੁੰਦੇ ਸਨ, ਫੇਰ ਭਾਈ ਭਗਤ ਸਿੰਘ ਵੀ ਸ਼ਾਮਲ ਹੋ ਗਏ। ਭਾਵੇਂ ਉਸ ਰਾਗੀ ਜਥੇ ਦਾ ਨਾਂ "ਭਾਈ ਸ਼ੇਰ ਸਿੰਘ "ਤਾਨ" ਦਾ ਜੱਥਾ ਹੁੰਦਾ ਸੀ ਪਰ ਭਾਈ ਸ਼ੇਰ ਸਿੰਘ ਜੀ 'ਤਾਨ' ਆਪ ਪਿਆਰ ਨਾਲ ਜੱਥੇ ਦਾ ਨਾਂ "ਭਾਈ ਹੀਰਾ ਸਿੰਘ, ਭਾਈ ਭਗਤ ਸਿੰਘ" ਹੀ ਕਿਹਾ ਕਰਦੇ ਸਨ। ਭਾਈ ਸ਼ੇਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਪਿਛੋਂ ਭਾਈ ਹੀਰਾ ਸਿੰਘ, ਭਾਈ ਭਗਤ ਸਿੰਘ ਦਾ ਜੱਥਾ" ਬਹੁਤ ਸਾਰਾ ਸਮਾਂ ਗੁਜਰਾਂਵਾਲਾ ਦੇ 'ਗੁਰਦੁਆਰਾ ਬਾਬਾ ਪਤਾਸਾ ਸਿੰਘ' ਵਿਚ ਕੀਰਤਨ ਕਰਦਾ ਰਿਹਾ। ਬਾਬਾ ਪਤਾਸਾ ਸਿੰਘ ਜੀ ਬੜੇ ਮਹਾਂਪੁਰਸ਼ ਹੋਏ ਹਨ, ਜਿਹਨਾਂ ਦੀ ਯਾਦ ਵਿਚ ਗੁਰਦੁਆਰੇ ਦਾ ਨਾਂ ਵੀ "ਗੁਰਦੁਆਰਾ ਬਾਬਾ ਪਤਾਸਾ ਸਿੰਘ" ਹੀ ਪੈ ਗਿਆ। ਇਹ ਸਥਾਨ ਗੁਜਰਾਂਵਾਲਾ ਵਿਚ ਘੰਟਾ ਘਰ ਚੌਕ ਵਿਚ ਸਥਿਤ ਸੀ।

ਜਦੋਂ 1921 ਵਿਚ ਜੈਤੋ ਦਾ ਮੋਰਚਾ ਲੱਗਾ ਤਾਂ ਭਾਈ ਭਗਤ ਸਿੰਘ ਜੀ ਰਾਗੀ ਵੀ ਇਕ ਜੱਥੇ ਵਿਚ ਸ਼ਾਮਲ ਹੋ ਕੇ ਮੋਰਚੇ ਵਿਚ ਚਲੇ ਗਏ। ਭਾਈ ਸਾਹਿਬ ਆਪ ਵੀ ਹੱਲੇ ਦੇ ਸ਼ਬਦ ਪੜ੍ਹਦੇ ਤੇ ਜਥੇ ਦੇ ਹੋਰ ਸਿੰਘਾਂ ਨੂੰ ਵੀ ਪੜ੍ਹਾਂਦੇ। ਜਿਸ 'ਤੇ ਉਹਨਾਂ ਨੂੰ ਡਾਂਗਾਂ ਨਾਲ ਕੁੱਟਿਆ ਗਿਆ ਸੀ। ਮੋਰਚੇ ਤੋਂ ਵਾਪਸ ਆ ਕੇ ਭਾਈ ਭਗਤ ਸਿੰਘ ਜੀ ਰਾਗੀ ਬੜੇ ਜੋਸ਼ ਤੇ ਪਿਆਰ ਨਾਲ ਆਪਣ ਬੱਚਿਆਂ ਨੂੰ ਆਪਣ ਪਿੰਡੇ 'ਤੇ ਡਾਂਗਾਂ ਦੇ ਨਿਸ਼ਾਨ ਵਿਖਾਇਆ ਕਰਦੇ ਸਨ। ਭਾਈ ਹੀਰਾ ਸਿੰਘ ਜੀ ਬਿਰਧ ਹੋ ਚੁਕੇ ਸਨ। ਇਸ ਲਈ ਉਹ ਜਥ ਨਾਲ ਥਾਂ-ਥਾਂ 'ਤੇ ਕੀਰਤਨ ਕਰਨ ਜਾਣ ਤੋਂ ਅਸਮਰੱਥਾ ਪ੍ਰਗਟ ਕਰਨ ਲੱਗੇ। ਭਾਈ ਭਗਤ ਸਿੰਘ ਜੀ ਇਕੱਲੇ ਰਹਿ ਜਾਣ ਕਰਕੇ ਉਹ ਗ: "ਬੜੀ ਸਿਖ ਸੰਗਤ" ਕਲਕੱਤਾ ਵਿਖ ਚਲੇ ਗਏ। ਆਪ ਨੇ ਕਾਫੀ ਸਮਾਂ ਉਥੇ ਹੀ ਸੇਵਾ ਕੀਤੀ, ਪਰ ਉਹਨਾਂ ਦਾ ਪਰਿਵਾਰ ਪਿਛੇ ਗੁਜਰਾਂ-ਵਾਲਾ ਵਿਖੇ ਹੀ ਰਿਹਾ। ਬੱਚਿਆਂ ਦੀ ਪੜ੍ਹਾਈ ਦੇ ਸਬੰਧ ਵਿਚ ਭਾਈ ਸਾਹਿਬ ਜੀ ਦੀ ਪਤਨੀ ਉਹਨਾਂ ਦੇ ਨਾਲ ਕਲਕੱਤੇ ਨਾ ਜਾ ਸਕੀ। ਆਪ ਦੀ ਪਤਨੀ ਬੀਬੀ ਤੇਜ ਕੌਰ ਬੜੀ ਨਿਡੱਰ ਤੇ ਪੰਥਕ-ਜਜ਼ਬੇ ਵਾਲੀ ਇਸਤਰੀ ਸੀ। ਭਾਈ ਸਾਹਿਬ ਦੇ ਤਿੰਨ ਬੱਚੇ (ਦੋ ਲੜਕੀਆਂ ਤੇ ਇਕ ਲੜਕਾ)ਆਪਣੀ ਮਾਤਾ ਦੀ ਦੇਖ-ਰੇਖ ਵਿਚ ਗੁਜਰਾਂਵਾਲਾ ਹੀ ਪਲੇ ਤੇ ਪੜ੍ਹੇ। ਭਾਈ ਸਾਹਿਬ ਜੀ ਕਲਕੱਤੇ ਤੋਂ ਆਪਣੀਆਂ ਲੜਕੀਆਂ ਦੇ ਵਿਆਹ ਕਰਨ ਲਈ ਛੁੱਟੀ 'ਤੇ ਦੋ ਵਾਰ ਆਪਣੇ ਘਰ ਆਏ ਪਰ ਸਿਖ ਸੰਗਤ ਦੇ ਪ੍ਰਬੰਧਕਾਂ ਨ ਉਹਨਾਂ ਨੂੰ ਫੇਰ ਕਲਕੱਤੇ ਬੁਲਾ ਲਿਆ। ਆਖਰ 1940 ਵਿਚ ਉਹ ਆਪਣੇ ਲੜਕੇ ਦੀ ਸ਼ਾਦੀ ਦੇ ਸਬੰਧ ਵਿਚ ਨੌਕਰੀ ਛੱਡ ਕੇ, ਗੁਜਰਾਂਵਾਲਾ ਆ ਗਏ। ਘਰ ਵਾਲੇ ਚਾਹੁੰਦੇ ਸਨ ਕਿ ਹੁਣ ਭਾਈ ਸਾਹਿਬ ਘਰ ਰਹਿ ਕੇ ਆਰਾਮ ਕਰਨ, ਕਿਉਂਕਿ ਬਹੁਤਾ ਸਮਾਂ ਉਹ ਘਰ ਤੋਂ ਬਾਹਰ ਹੀ ਰਹੇ ਸਨ। ਆਪ ਦੀ ਪਤਨੀ ਬੀਬੀ ਤੇਜ ਕੌਰ ਨਿਡੱਰਤਾ ਤੇ ਦਲੇਰੀ ਨਾਲ ਪਿਛੇ ਬੱਚਿਆਂ ਦੀ ਪੜ੍ਹਾਈ ਤੇ ਹੋਰ ਹਰ ਪ੍ਰਕਾਰ ਦੀ ਦੇਖ-ਭਾਲ ਕਰਦੀ ਰਹੀ ਸੀ। ਉਹ ਪੰਥਕ-ਕਾਰਜਾਂ ਵਿਚ ਅਗੇ ਹੋ ਕੇ ਸੇਵਾ ਕਰਦੀ ਹੁੰਦੀ ਸੀ। ਇਸ ਲਈ ਉਸ ਦਾ ਨਾਂ ਹੀ "ਜਥੇਦਾਰਨੀ" ਪੈ ਗਿਆ ਸੀ। ਉਸ ਨੇ ਇਕ ਵਾਰ ਸ਼ਹੀਦ ਗੰਜ ਲਾਹੌਰ ਦੇ ਮੋਰਚੇ ਵਿਚ ਤੇ ਦੋ ਵਾਰੀ ਪੰਜਾਬੀ ਸੂਬਾ ਮੋਰਚੇ ਵਿਚ ਕੈਦ ਵੀ ਕੱਟੀ ਸੀ।

ਭਾਈ ਭਗਤ ਸਿੰਘ ਰਾਗੀ ਕੁਝ ਸਮਾਂ ਘਰ ਵਿਚ ਰਹਿ ਕੇ ਗੁਰਬਾਣੀ ਦੀਆਂ ਹੱਥ-ਲਿਖਤ ਪੋਥੀਆਂ ਤਿਆਰ ਕਰਦੇ ਰਹੇ। ਆਪ ਦੀ ਹੱਥ-ਲਿਖਤ ਬਹੁਤ ਸੁੰਦਰ ਸੀ। ਉਹ ਅੱਡ-ਅੱਡ ਸਿਆਹੀਆਂ ਵਿਚ ਖੂਬਸੂਰਤ ਹਾਸ਼ੀਆ ਲਗਾ ਕੇ ਪੋਥੀਆਂ ਲਿਖ-ਲਿਖ ਕੇ ਮਿਤਰਾਂ-ਸੱਜਣਾਂ ਨੂੰ ਪਿਆਰ ਨਾਲ ਦੇਂਦੇ ਰਹਿੰਦੇ ਸਨ।

1943 ਵਿਚ ਉਹਨਾਂ ਦੇ ਮਿੱਤਰ ਜਥੇਦਾਰ ਵਰਿਆਮ ਸਿੰਘ "ਗਰਮੂਲਾ" ਉਹਨਾਂ ਨੂੰ ਇਤਿਹਾਸਕ 'ਗੁਰਦੁਆਰਾ ਰੋੜੀ ਸਾਹਿਬ' (ਐਮਨਾਬਾਦ) ਵਿਚ ਲੈ ਗਏ। ਰੋੜੀ ਸਾਹਿਬ ਗੁਰਦੁਆਰਾ ਉਹ ਸਥਾਨ ਹੈ, ਜਿਥੇ ਗੁਰੂ ਨਾਨਕ ਸਾਹਿਬ ਨੇ ਰੋੜਾਂ ਦੀ ਵਿਛਾਈ ਕੀਤੀ ਤੇ ਰੇਤ-ਅੱਕ ਦਾ ਆਹਰ ਕੀਤਾ ਸੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ,

"ਰੇਤ ਅੱਕ ਆਹਾਰ ਕਰਿ, ਰੋੜਾਂ ਕੀ ਗੁਰ ਕਰੀ ਵਿਛਾਈ।" (ਵਾਰ ੧, ਪਉੜੀ 24)

ਜਥੇਦਾਰ ਵਰਿਆਮ ਸਿੰਘ ਜੀ ਲੋਕਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਨ ਤੇ ਭਾਈ ਭਗਤ ਸਿੰਘ ਰਾਗੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਭਾਈ ਭਗਤ ਸਿੰਘ ਜੀ ਇਕੋ ਸਮੇਂ ਕੀਰਤਨੀਏ, ਅਖੰਡ-ਪਾਠੀ ਤੇ ਕਥਾ-ਵਾਚਕ ਸਨ। ਇਸ ਲਈ ਉਹਨਾਂ ਦੀ ਇੱਜ਼ਤ ਸੀ। ਉਹ ਜੀਵਨ ਦਾ ਬਹੁਤਾ ਸਮਾਂ ਘਰ ਤੋਂ ਬਾਹਰ ਰਹਿ ਕੇ ਸੇਵਾ ਕਰਦੇ ਰਹੇ ਸਨ ਤੇ ਹੁਣ 58 ਸਾਲਾਂ ਦੇ ਹੋ ਚੁੱਕੇ ਸਨ। ਸੇਵਾ-ਸੰਭਾਲ ਤੇ ਖੁਰਾਕ ਦੀ ਤਸੱਲੀਬਖਸ਼ ਪ੍ਰਬੰਧ ਨਾ ਹੋਣ ਕਰਕੇ, ਆਪ ਦੀ ਸਿਹਤ ਡਿਗਣੀ ਸ਼ੁਰੂ ਹੋ ਗਈ, ਪਰ ਆਪ ਹੱਠੀ ਸੁਭਾਅ ਦੇ ਸਨ। ਛੋਟੀ-ਮੋਟੀ ਤਕਲੀਫ ਨੂੰ ਜਰ ਜਾਂਦੇ ਤੇ ਡਿਊਟੀ ਨਿਭਾਈ ਜਾਂਦੇ। ਪਰ ਹੌਲੀ-ਹੌਲੀ ਉਹਨਾ ਦੀ ਸਿਹਤ ਵਿਗੜ ਗਈ। ਗੁਰਦੁਆਰਾ ਸਿੰਘ ਸਭਾ, ਗੁਜਰਾਂਵਾਲਾ ਦੇ ਸਰਗਰਮ ਮੈਂਬਰ ਡਾਕਟਰ ਮਹਾਂ ਸਿੰਘ ਜੀ ਕਦੇ-ਕਦੇ ਭਾਈ ਸਾਹਿਬ ਨੂੰ ਦੇਖਣ ਗੁਰਦੁਆਰਾ ਰੋੜੀ ਸਾਹਿਬ ਚਲੇ ਜਾਂਦੇ ਤੇ ਦਵਾਈਆਂ ਵੀ ਦੇ ਆਉਂਦੇ ਸਨ। ਪਰ ਮਾਰਚ 1945 ਵਿਚ ਭਾਈ ਸਾਹਿਬ ਦੀ ਸਿਹਤ ਜ਼ਿਆਦਾ ਵਿਗੜ ਗਈ ਤੇ ਕਮਜ਼ੋਰ ਵੀ ਬਹੁਤ ਹੋ ਗਏ। ਆਪ ਦਾ ਪਰਵਾਰ ਡਾ. ਮਹਾਂ ਸਿੰਘ ਨੂੰ ਨਾਲ ਲੈ ਕੇ ਭਾਈ ਸਾਹਿਬ ਪਾਸ ਪੁਜਾ। ਡਾਕਟਰ ਸਾਹਿਬ ਆਪਣੀ ਕਾਰ ਵਿਚ ਗਏ ਸਨ। ਵਾਪਸੀ 'ਤੇ ਭਾਈ ਸਾਹਿਬ ਨੂੰ ਨਾਲ ਲੈ ਆਏ। ਘਰ ਵਿਚ ਸੇਵਾ-ਸੰਭਾਲ ਹੋ ਰਹੀ ਸੀ ਪਰ ਦਰਗਾਹੀ ਸੱਦੇ ਆ ਗਏ ਤੇ ਉਹ 25 ਮਾਰਚ 1945 ਨੂੰ ਅਕਾਲ ਚਲਾਣਾ ਕਰ ਗਏ। ਇਸ ਵੇਲੇ ਭਾਈ ਭਗਤ ਸਿੰਘ ਰਾਗੀ ਜੀ ਦਾ ਦਾ ਪੁਤਰ ਅੰਮ੍ਰਿਤਸਰ ਵਿਚ ਰਹਿ ਰਿਹਾ ਹੈ, ਜੋ ਆਪਣੇ ਪਿਤਾ ਦੀਆਂ ਤਿੰਨ ਹੱਥ-ਲਿਖਤ ਪੋਥੀਆਂ, ਆਪਣਾ ਸਰਮਾਇਆ ਸਮਝ ਕੇ ਸੰਭਾਲੀ ਬੈਠਾ ਹੈ।

# ਚਤੁਰੰਗ/ਚੌਖੰਡੀ

—ਤੀਰਥ ਸਿੰਘ,
4, ਗੁਰੂ ਗੋਬਿੰਦ ਸਿਘ ਮਾਰਕੀਟ,
ਗਰਾਂਟ ਰੋਡ, ਸਹਾਰਨਪੁਰ।

'ਚਤੁਰੰਗ' ਸੰਗੀਤ ਵਿਚ ਇਹੋ ਜਿਹੇ ਪਦੇ ਦਾ ਨਾਮ ਹੈ। ਜਿਸ ਵਿਚ ਚਾਰ ਅੰਗ (੪) ਗਿਆਨ, ਸਰਗਮ, ਤਰਾਨਾ ਤੇ ਰਾਗਿ (ਬੋਲ ਹੋਣ)। ਇਹੋ ਜਿਹੇ ਪਦਾ ਵਿਚ ਗਿਆਨਚਾਰਿਆਂ ਦੀ ਹੀ ਜ਼ਿਆਦਾ ਪ੍ਰਵਿਰਤੀ ਹੁੰਦੀ ਹੈ। ਜਿਵੇਂ ਸ੍ਰੀਮਾਨ ਬਾਬਾ ਕਾਨ੍ਹ ਸਿੰਘ ਜੀ ਨੇ ਮਹਾਨਕੋਸ਼ ਵਿਚ ਚਤੁਰੰਗ ਦਾ ਉਲੇਖ ਦਰਸਾਇਆ ਹੈ।

ਚਤੁਰੰਗ ਗੁਨਿਯਨ ਮਿਲਿ ਗਾਈਏ, ਬਜਾਈਏ, ਰਿਝਾਈਏ।
ਗੁਨਿਯਨ ਕੇ ਆਗੇ ਲੈ-ਕੋ ਸੰਪੂਰਨ ਕਰ ਦਿਖਾਈਏ। (ਗਾਯਨ)
ਨ ਸ਼ ਰ ਮ ਰ ਮ ਪ ਧਾ, ਪ ਮ ਰ ਮ ਰ ਸ਼ ਨ ਸ਼ (ਸਰਗਮ)
ਧਿਰ ਧਿਰ ਧੁਮ ਕਿਟ ਤਕ੍ਰਾਨ ਧਾ, ਤਕ੍ਰਾਨ ਧਾ ਧੁਮ ਕਿਟ ਤਕ੍ਰਾਨ ਧਾ ਧਾ (ਗਤਿ ਬੋਲ)
ਦਿਰ ਦਿਰ ਤਾ ਨਾ ਨਾ ਦਿਰ ਤਾ ਨਾ, ਨਾ ਤਾ ਰੇ ਨ ਤੋਮ ਤਾਨਾ (ਤਰਾਨਾ)

ਇਸ ਤਰ੍ਹਾਂ 'ਚੋਖੰਡੀ' ਵਿਚ ਗੁਣੀ ਜਨ, ਗਯਾਨ, ਸਰਗਮ, ਤਰਾਨਾ ਤੇ ਬੋਲ ਆਪ ਹੀ ਦਾਖਲ ਕਰ ਸਕਦੇ ਹਨ। ਤਾਂ ਤੇ ਇਹ ਚਤੁਰੰਗ ਬਣ ਸਿਧ ਹੋ ਸਕਦਾ ਹੈ।

# ਮਲਾਰ/ਚੌਖੰਡੀ

ਜੇਤੇ - ਤੁਧ ਧਯਾਵੇਂ, ਜਨਮ ਨ-ਆਵੇਂ, ਮੁਕਤਿ-ਭਜੇ-ਯਕ-ਚਿਤ ਜਪੇ ॥
ਪ੍ਰਭੁ ਪੁਰਖ ਅਬਿਨਾਸੀ, ਕਾਟੀ - ਫਾਸੀ, ਨਾਮ - ਜਮਦੂਤ - ਭਜੇ ॥
ਸਾਚਾ ਸਚਿ ਨਾਈ, ਸਚਿ ਵਡਯਾਈ, ਸਤਿ - ਨਾਮੁ - ਭਉ - ਸਿੰਧੁ- ਤਰੇ ॥
ਅਗਨਤਿ ਹਰਿ ਤਾਰੇ, ਅਧਮ - ਉਧਾਰੇ, ਸਰਨ ਪੜੇ ਪ੍ਰਭੂ ਪੈਜ ਰਖੇ ॥

ਸਰਬ ਲੋਹ (1567)

# ਕੁਦਰਤੀ-ਸੁਹੱਪਨ, ਸਾਹਿਤ ਅਤੇ ਗੁਰਬਾਣੀ

—ਕੁਲਦੀਪ ਸਿੰਘ ਜ਼ਖਮੀ,
ਪਹਿਲੀ ਮੰਜ਼ਲ, 19 ਅਮਰ ਕਲੋਨੀ ਮਾਰਕੀਟ,
ਲਾਜਪਤ ਨਗਰ; ਨਵੀਂ ਦਿੱਲੀ-110024.

ਡਾਯਬਟੀਜ਼ ਨੇ ਸਵੇਰੇ-ਸਵੇਰੇ ਬਾਗ ਵਿਚ ਜਾ ਕੇ ਸ਼ੈਰ ਕਰਨ ਦੀ ਆਦਤ ਪਾ ਦਿੱਤੀ। ਬਾਗ ਵਿਚ ਪਸੱਰੀ ਸੁੰਦਰਤਾ ਦੇ ਅਹਿਸਾਸ ਤੋਂ ਖਾਲੀ, ਸੈਰ ਕਰਦਾ ਰਹਿੰਦਾ। ਇਕ ਦਿਨ ਸੈਰ ਕਰਦੇ-ਕਰਦੇ ਸੂਰਜ ਨੂੰ ਦਰਖਤਾਂ ਦੇ ਪਿਛੋਂ ਹਲਕੇ-ਹਲਕੇ ਬੱਦਲਾਂ ਦੀ ਗੋਦ ਵਿਚੋਂ ਉਠਦੇ ਦੇਖ ਲਿਆ। ਇਸ ਦਰਸ਼ਨ ਤੋਂ ਪਹਿਲਾਂ ਬਾਗ ਦੇ ਦੋ ਚੱਕਰ ਲਾਉਣ ਤੋਂ ਬਾਅਦ, ਥੱਕੇ ਨਿਢਾਲ ਹੋ ਚਕੇ ਸਰੀਰ ਦੇ ਨਾਲ, ਇਕ ਬੈਂਚ ਤੇ ਥੋੜਾ ਕੁ ਆਰਾਮ ਕਰਕੇ ਹੀ ਉਠਿਆ ਸਾਂ। ਇਹ ਮੇਰਾ ਤੀਜਾ ਚੱਕਰ ਸੀ, ਯਕ ਦਮ ਚਲਨਾ ਰੋਕ ਤ ਇਕ ਖਾਲੀ ਪਏ ਬੈਂਚ ਉਤੇ, ਜਿਹੜਾ ਟੁੱਟਾ-ਫੁੱਟਾ ਸੀ। ਬਿਨਾਂ ਪਰਵਾਹ ਕੀਤੇ ਬੈਠ ਗਿਆ ਅਤੇ ਇਕਦਮ ਇਕ ਟੱਕ ਚੜ੍ਹਦੇ ਉਪਰ ਵਲ ਜਾਂਦੇ ਸੂਰਜ ਨੂੰ ਅਨੰਦ ਰੂਪ ਦੇਖਣ ਲਗ ਪਿਆ!

ਬੱਦਲਾਂ ਅਤੇ ਦਰਖਤਾਂ ਦੀ ਗੋਦ ਵਿਚੋਂ ਉਠ ਰਹੇ ਸੂਰਜ ਦੇ ਦਰਸ਼ਨ ਕਰਨ ਨਾਲ ਇਹ ਆਨੰਦਮਈ ਹੁਸੀਨ ਪਲ ਚਿਹਰੇ ਨੂੰ ਰੁਸ਼ਨਾਉਣ ਲੱਗ ਪਏ। ਪੀਲੇ ਫੁੱਲਾਂ ਲੱਦੇ ਅਮਲਤਾਸ ਅਤੇ ਦਹਕਦੇ ਲਾਲ ਰੰਗੀ ਗੁਲਮੋਹਰ ਦੇ ਦਰਖਤ ਸੂਰਜ ਦੇ ਆਗਮਨ ਵਿਚ ਜੋਬਨਾਏ ਜਾਪਣ ਲਗੇ। ਜਿਉਂ-ਜਿਉਂ ਸੂਰਜ ਦੀ ਉਠਦੀ ਹੋਈ ਲਾਲ ਟਿੱਕੀ ਚਮਕ ਵਿਚ ਬਦਲ ਰਹੀ ਸੀ, ਮਨ ਆਨੰਦ ਮਈ ਹੋ, ਕੁਦਰਤ ਦੇ ਬੇਸ਼ਕੀਮਤੀ ਹੁਸਨ ਨੂੰ ਵੇਖ-ਵੇਖ ਕੇ ਉਸ ਕਰਤਾ-ਪੁਰਖ ਦਾ ਧੰਨਵਾਦੀ ਹੋਈ ਜਾ ਰਿਹਾ ਸੀ। ਪਰ ਇਸ ਤੋਂ ਪਹਿਲਾਂ ਤਾਂ ਮੈਂ ਅਣਭਿਜ ਅਣਡਿਠ ਚੱਕਰ ਮਾਰਦਾ ਹੀ ਰਹਿੰਦਾ ਸਾਂ। ਕਿਉਂ ਮੇਰੇ ਇਹ ਅਨੰਦਮਈ ਪਲ ਪਹਿਲੇ ਨਹੀਂ ਜਾਗੇ? ਮੇਰੇ ਅੰਦਰ ਅਨੰਦਮਈ ਸੁਹੱਪਣ-ਸੋਝੀ ਪਹਿਲੇ ਕਿਉਂ ਨਹੀਂ ਉੱਠੀ? ਹੁਣ ਮੇਰੇ ਅੰਦਰ ਕਿਥੋਂ ਅਤੇ ਕਿਸ ਤਰ੍ਹਾਂ ਪੈਦਾ ਹੋ ਗਈ ਹੈ? ਇਹ ਸੁਆਲ ਮੇਰੇ ਅੰਦਰ ਇਕ ਤੂਫਾਨ ਵਾਂਗਰ ਮੱਚ ਉਠੇ। ਝੱਟ ਇਸ ਦਾ ਕਾਰਨ ਚਿੱਟੇ ਦਿਨ ਵਾਂਗਰ ਮੇਰੇ ਅੰਦਰ ਸਪਸ਼ਟ ਹੋ ਉਠਿਆ। ਮੈਂ ਧੰਨਵਾਦੀ ਹੋ ਉਠਿਆ ਉਹਨਾਂ ਸਾਹਿਤਕਾਰਾਂ ਦਾ ਜਿਹਨਾਂ ਨੇ ਕਹਾਣੀਆਂ ਅਤੇ ਯਾਤਰਾ ਰਚਨਾਵਾਂ ਰਾਹੀਂ ਉਸ ਕਾਦਰ ਦੀ ਕੁਦਰਤ ਦੇ ਨਜ਼ਾਰਿਆਂ ਨੂੰ ਆਪਣੀ ਕਲਮ ਵਰਤਕੇ, ਆਟੀਆਂ-ਘਾਟੀਆਂ ਦਾ ਸੁਹੱਪਣ, ਬਰਫ਼ ਲੱਦੀਆਂ ਲਿਸ਼ਕਾਂ ਮਾਰਦੀਆਂ ਪਹਾੜ-ਚੋਟੀਆਂ ਦਾ ਅਨੰਦ, ਪਹਾੜੀਂ ਉਚ-ਘਾਟੀਆਂ ਚੋਂ ਡਿਗਦੇ ਝਰਨਿਆਂ ਦਾ ਸੰਗੀਤ, ਉਪਰ ਪਹਾੜਾਂ ਤੇ ਲੰਬੇ ਦਰਖਤਾਂ ਦੇ

ਝੂਮਦੇ ਜੰਗਲ, ਰੰਗ-ਬਿਰੰਗੇ ਪੰਛੀਆਂ ਦੀ ਚਹਿਚਹਾਟ, ਮੱਸਿਆ ਦੀ ਰਾਤ ਘੁਪ ਹਨੇਰੇ ਵਿਚ ਤਾਰਿਆਂ ਦੀ ਜਗਮਗਾਹਟ, ਛੋਟੇ-ਛੋਟੇ ਬੱਚਿਆਂ ਦੇ ਨਿਰਛੱਲ ਹਾਸਿਆਂ ਦੇ ਅਨੰਦ ਨਾਲ, ਮੈਨੂੰ ਸਰਾਬੋਰ ਕਰ ਦਿਤਾ ਸੀ। ਅੱਜ ਮੇਰੇ ਸੁਪਤ-ਮਨ ਵਿਚੋਂ ਉਸੇ ਹੁਸੀਨ ਵਿਚਾਰਧਾਰਾ ਦਾ ਚਸ਼ਮਾ ਫੁੱਟ ਉਠਿਆ ਸੀ। ਮਨ ਧੰਨਵਾਦੀ ਹੋ ਉਠਿਆ ਆਪਣੇ ਬੱਚਪਨ ਦਾ ਜਿਸ ਨੇ ਮੇਰੇ ਅੰਦਰ ਕਿਤਾਬਾਂ ਪੜ੍ਹਨ ਦੀ ਚੇਟਕ ਹੱਦ ਦਰਜੇ ਤਕ ਵਧਾ ਦਿੱਤੀ। ਧੰਨਵਾਦੀ ਹੋ ਉਠਿਆ ਆਪਣੀ ਮਾਂ ਦਾ ਜਿਸ ਨੇ ਮੈਨੂੰ ਬਾਲਪਨ ਵਿਚ ਹੀ ਆਪਣੀ ਛਾਤੀ ਨਾਲ ਲਗਾ ਕੇ ਸਿਮਰਨ ਦੀ ਜਾਚ ਸਿਖਾਈ। ਮਾਂ ਦੇ ਸਰੀਰ ਦੀ ਸੁਗੰਧ ਹਾਲੇ ਤਕ ਮੇਰੇ ਚਿਤ-ਚੇਤ ਵਿਚ ਗੂਹੜ ਰੰਗ ਨਾਲ ਅਮਿਟ ਲਿਖੀ ਹੋਈ ਹੈ।

ਇਸ ਕੁਦਰਤ ਦੀ ਸੁਹੱਪਨ-ਸੋਝੀ ਦਾ ਵਿਕਾਸ ਕਰਨ ਵਾਲੇ ਸਾਹਿਤਕਾਰਾਂ ਦੇ ਅਹਿਸਾਨ ਸਦਕਾ ਹੀ ਮੇਰੇ ਵਿਚ ਗੁਰਬਾਣੀ ਦੇ ਇਹੋ ਜਿਹੇ ਮਹਾਨ ਵਾਕਾਂ

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥**

(ਪੰ:-13)

ਦੇ ਅਰਥ ਵੀ ਅਨੰਦਮਈ ਅਤੇ ਸੁਰਮਈ ਰੰਗ ਵਿਚ ਰੰਗੇ ਗਏ। ਇਸ ਸ਼ਬਦ ਦੇ ਅਰਥ ਵੀ ਬਦਲ ਗਏ। ਸ਼ਬਦ ਪੜ੍ਹਦੇ ਵਕਤ ਜੋ ਅਨੰਦ ਕੁਦਰਤ-ਸੁਹੱਪਨ ਦਾ, ਭਾਵਨਾਤਮਕ ਨੂਰ ਦੀ ਮਦਹੋਸ਼ੀ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਜਾਗ ਪੈਂਦੀ ਸੀ, ਉਹ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਜਾਗ ਪੈਂਦੀ ਸੀ, ਉਹ ਬਿਆਨ ਦੀ ਪਕੜ ਤੋਂ ਆਜ਼ਾਦ ਰਹਿੰਦੀ। ਇਸ ਸ਼ਬਦ ਵਿਚ ਕਾਦਰ ਤੇ ਕੁਦਰਤ ਦੀ ਸਾਂਝ ਦਾ ਅਨੰਦ ਹੀ ਕੁਝ ਹੋਰ ਬਣ ਗਿਆ।

ਸੂਰਜ ਦੀ ਲਾਲ ਟਿੱਕੀ, ਅੱਖਾਂ ਨੂੰ ਚੁੰਧਿਆਣ ਵਾਲੀ ਚਮਕ ਪਕੜ ਚੁਕੀ ਸੀ ਪਰ ਮਨ ਅਨੰਦ ਮਈ ਸੁਗੰਧ ਵਿਚ ਮਦਮਸਤ ਹੋ ਚੁੱਕਾ ਸੀ। ਧੰਨਵਾਦ ਉਸ ਅਕਾਲ ਪੁਰਖ ਦਾ ਜਿਸ ਨੇ ਇਸ ਸੂਰਜ ਦੀ ਸਿਰਜਨਾ ਕਰਕੇ ਪੂਰੀ ਸ੍ਰਿਸ਼ਟੀ ਨੂੰ ਚਲਾਇਮਾਨ ਕਰ ਦਿਤਾ ਸੀ। ਸੂਰਜ ਵਲ ਹੋਰ ਦੇਖਣਾ ਨਾ ਮੁਮਕਨ ਸੀ ਅਤੇ ਮਨ ਅਨੰਦ ਅਵਸਥਾ ਦੇ ਜੋਬਨ ਤੇ ਆ ਚੁੱਕਾ ਸੀ। ਸਰੀਰ ਦੀ ਨਿਢਾਲਤਾ ਪਤਾ ਨਹੀਂ ਕਿਥੇ ਗਾਇਬ ਹੋ ਚੁਕੀ ਸੀ। ਉਸ ਬੇਅੰਤ ਦੀ ਅਸਚਰਜ ਬਖਸਸ਼ ਨੇ, ਇਸ ਸਰੀਰ ਨੂੰ ਅਨੰਦ ਮਈ ਅਵਸਥਾ ਵਿਚ ਆਪਣੇ ਆਪ ਨਿਰੋਗ ਕਰ ਲੈਣ ਦੀ ਅਸਚਰਜ ਸਮਰਥਤਾ ਬਖਸ਼ੀ ਹੈ।

ਕੁਝ ਮੁਰਝਾਏ ਚਿਹਰੇ ਹਾਲੇ ਵੀ ਘੁੰਮ ਰਹੇ ਸਨ। ਉਸ ਵਾਹਿਗੁਰੂ ਦੇ ਸ਼ੁਕਰਾਨੇ 'ਚ ਸਰਸ਼ਾਰ ਮੈਂ ਘਰ ਵਲ ਮਜ਼ਬੂਤ ਪੈਰੀਂ ਚੜ੍ਹਦੀ ਕਲਾ 'ਚ ਤੁਰ ਪਿਆ।

# ਬੱਚੇ ਗੋਬਿੰਦ ਸਿੰਘ ਜੀ ਦੇ ਨਿਵੇਕਲੀ ਕੈਸਟ

—ਡਾ ਜਾਗੀਰ ਸਿੰਘ

ਪੰਜਾਬ ਅਤੇ ਦਿੱਲੀ ਵਿਚ ਬਹੁਤ ਸਾਰੀਆਂ ਕੈਸਟ-ਕੰਪਨੀਆਂ ਭਾਂਤ-ਭਾਂਤ ਦੀਆਂ ਧਾਰਮਿਕ ਕੈਸਟਾ ਬਣਾ ਕੇ ਜਿਥੇ ਆਪਣਾ ਕਾਰੋਬਾਰ ਚਲਾ ਰਹੀਆਂ ਹਨ ਉਥੇ ਇਸ ਨਾਲ ਧਰਮ ਪਰਚਾਰ ਅਤੇ ਸਭਿਆਚਾਰ ਦੀ ਸੰਭਾਲ ਦਾ ਕੰਮ ਵੀ ਹੋ ਰਿਹਾ ਹੈ। ਭਾਵੇਂ ਇਹਨਾਂ ਦੇ ਗੁਣਾਂ ਅਤੇ ਔਗੁਣਾ ਬਾਰੇ ਪੁਣ-ਛਾਣ ਕਰਨ ਦੀ ਅਤਿਅੰਤ ਲੋੜ ਹੈ। ਜਦੋਂ ਲਖਨਊ ਜਿਹੇ ਸ਼ਹਿਰ ਵਿਚ ਬੈਠਾ ਕੋਈ ਸੱਜਣ ਅਜਿਹਾ ਕੰਮ ਕਰਦਾ ਹੈ ਤਾਂ ਸਚਮੁਚ ਹੀ ਸ਼ਲਾਘਾ ਕਰਨੀ ਬਣਦੀ ਹੈ।

ਸ੍ਰ. ਨਿਸ਼ਾਨ ਸਿੰਘ ਜੀ ਜਿੱਥੇ ਬਹੁਤ ਵਧੀਆ ਹਰਮੋਨੀਅਨ ਬਣਾਉਂਦੇ ਹਨ ਉਥੇ ਬਹੁਤ ਵਧਿਆ ਬੁਲਾਰੇ ਹਨ। ਇਹ ਕੈਸਟ "ਬੱਚੇ ਗੋਬੰਦ ਜੀ ਦੇ" ਵਿਚ ਉਹਨਾਂ ਨੇ ਆਪਣੀ ਇਕ ਨਿਵੇਕਲੀ ਸ਼ੈਲੀ ਦਾ ਸਬੂਤ ਦਿੱਤਾ ਹੈ। ਇਸ ਕੈਸਟ ਵਿਚ ਕੁਲਤਾਰ ਸਿੰਘ ਅਤੇ ਹਸਨ ਨਸੀਮ ਦੀਆਂ ਸੁਰੀਲੀਆਂ ਆਵਾਜ਼ਾਂ ਵਿਚ ਦੋ ਕਵਿਤਾਵਾਂ ਗਾਈਆਂ ਹਨ ਅਤੇ ਨਿਸ਼ਾਨ ਸਿੰਘ ਜੀ ਦੇ ਬੜੇ ਪੁਰ-ਜੋਸ਼ ਅੰਦਾਜ਼ ਵਿਚ ਵਿਆਖਿਆ ਕੀਤੀ ਹੈ।

ਸਾਈਡ ਏ—ਉਤੇ ਕਵਿਤਾ—"ਸਿਰ ਧੜ ਤੋਂ ਜੁਦਾ ਹੋ ਗਿਆ" ਕੁਲਤਾਰ ਸਿੰਘ ਹੋਰਾਂ ਦੀ ਗਾਈ ਹੋਈ ਕਵਿਤਾ ਹੈ। ਸਾਈਡ ਬੀ ਉਤੇ "ਅਸਮਾਨ ਦੇ ਤਾਰੇ ਜਦੋਂ ਲੁਕ ਗਏ"—ਹਸਨ ਨਸੀਮ ਦੀ ਗਾਈ ਹੋਈ ਕਵਿਤਾ ਹੈ। ਇਸ ਕੈਸਟ ਵਿਚ ਸੰਗੀਤ- ਐਚ. ਵਸੰਤ ਨੇ ਦਿੱਤਾ ਹੈ। ਸੰਗੀਤ ਭਾਵਾਂ ਨਾਲ ਮੇਲ ਖਾਂਦਾ ਹੈ।

॥ ਕਾਫੀ ॥

ਕਯਾ ਲੁਕ ਲੁਕ ਵਾਜਾ ਵਾਈਦਾ, ਮਨ ਮੋਹਣਾ ਗੀਤ ਅਲਾਈਦਾ !
ਬੰਸੀ ਰਾਗ ਮਲਾਰਹਿੰ ਗਾਵੇ, ਉਮਡ ਉਮਡ ਘਰ ਬਰਸਨ ਆਵੇ !
ਮਨ ਦੀ ਸਗਲੀ ਜਰਨ ਬੁਝਾਵੇ, ਧਰਣੀ ਜਲ ਛਿੜਕਾਈਦਾ !
ਕਯਾ ਲੁਕ ਲੁਕ ॥ ੧

ਨੀਂ ਬੰਗਾਲੀ ਬੀਨ ਬਜਾਵੇ, ਚਿੱਤ ਸਰਪ ਚਿਤਿ ਪੇਚਾ ਖਾਵੇ !
ਨਿਕਲ ਪਤਾਲੋਂ ਉਪਰ ਆਵੇ, ਹਰਖਿਤ ਹੋ ਫੰਨ ਖਿਲਾਈਦਾ !
ਕਯਾ ਲੁਕ ਲੁਕ ॥ ੨

ਔਹ ਰਣਸਿੰਘਾ ਚੁੱਕ ਵਜਾਇਆ, ਲੁਕਵਾਂ ਜੰਗ ਸੁ ਆਨ ਮਚਾਇਆ !
ਮਨ ਵਿਚ ਜੋਸ਼ ਉੱਛਲ ਇਉਂ ਆਯਾ, ਦੁਸ਼ਮਨ ਕਿਸ ਨਾਂ ਪਾਈਦਾ !
ਕਯਾ ਲੁਕ ਲੁਕ ॥ ੩

ਸ਼ਬਦ ਤਾਰ ਧਰਿ ਸੇਧ ਚਲਾਇਆ, ਮਨੋਂ ਪਤਾਲੋਂ ਸੁਰਗ ਸਿਧਾਇਆ !
ਦਸਵੇਂ ਦਰ ਜਾ ਡੇਰਾ ਲਾਇਆ, ਗਗਨ ਦਮਾਮਾ ਵਾਈਦਾ !
ਕਯਾ ਲੁਕ ਲੁਕ ॥ ੪

ਕਾਨ੍ਹ ਘਨਈਏ ਸੀਟੀ ਮਾਰੀ, ਗੁਪਤੀ ਪ੍ਰਗਟੀ ਖੁੱਲੀ ਬਾਰੀ !
ਲੰਘ ਨ ਮੁੜਿਆ ਫਿਰ ਇਕ ਵਾਰੀ, ਕੌਤਕ ਅਜਬ ਦਿਖਾਈਦਾ !
ਕਯਾ ਲੁਕ ਲੁਕ ॥ ੫

ਦਰਸ਼ਨ ਦੇਖਤਿ ਦੋਖ ਨਸਾਵੇ, ਅਨੰਦ ਮਸਤੀ ਝਲਕ ਦਿਖਾਵੇ !
ਤਨ ਮਨ ਦੀ ਸਭ ਸੁਧ ਬੌਰਾਵੇ, ਏਹੋ ਅਲਖ ਲਖਾਈਦਾ !
ਕਯਾ ਲੁਕ ਲੁਕ ॥ ੬

ਰਹੀ ਨ ਠੌਰ ਕੌਨ ਮੈਂ ਤੂੰ ਹੈ, ਇਹ ਕੀਹ ਔਹ, ਕੋ ਕਿਸਕੂੰ ਹੈ !
ਕਹਯੋ ਨ ਜਾਵੇ ਕਹੀਏ ਯੂੰ ਹੈ, ਮੈਂ ਬਿਨ ਮੈਂ ਇਕ ਪਾਈਦਾ !
ਕਯਾ ਲੁਕ ਲੁਕ ॥ ੭

ਮੈਂ ਵਿਚ ਰਹੀ ਨ ਰਾਈ ਮੈਂ, ਮੈਂ ਬਿਨ ਕ੍ਰਿਸ਼ਨ ਕਨ੍ਹਾਈ ਹੈਂ !
ਪੂਰਣ ਸਭਨੀ ਠਾਈਂ ਹੈਂ, ਗੁਰ ਕੀ ਮਿਹਰ ਜਨਾਈਦਾ !
ਕਯਾ ਲੁਕ ਲੁਕ ਵਾਜਾ ਵਾਈਦਾ, ਮਨ ਮੋਹਣਾ ਗੀਤ ਅਲਾਈਦਾ ॥ ੮

(ਪੰਜਾਬੀ ਸੰਦੇਸ਼ ਵਿਚੋਂ ਧੰਨਵਾਦ ਸਹਿਤ)